# ਕੰਠ ਕਰਨ ਲਈ ਅਤੇ ਸਿੱਖੀ ਸਿਧਾਂਤਾਂ ਨੂੰ ਪ੍ਰਗਟਾਉਂਦੇ ਚੋਣਵੇਂ ੨੫ ਸ਼ਬਦਾਂ ਦਾ ਸੰਗ੍ਰਹਿ

| ਸ਼ਬਦ-੧ | ਆਸਾ, ਘਰੁ ੭, ਮਹਲਾ ੫॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੩੯੪ |
|---|---|---|

ਹਰਿ ਕਾ ਨਾਮੁ, ਰਿਦੈ ਨਿਤ ਧਿਆਈ ॥

ਸੰਗੀ ਸਾਥੀ, ਸਗਲ ਤਰਾਂਈ ॥੧॥

ਗੁਰੁ, ਮੇਰੈ ਸੰਗਿ, ਸਦਾ ਹੈ ਨਾਲੇ॥

ਸਿਮਰਿ ਸਿਮਰਿ ਤਿਸੁ, ਸਦਾ ਸਮ੍ਾਲੇ ॥੧॥ ਰਹਾਉ॥

ਤੇਰਾ ਕੀਆ ਮੀਠਾ ਲਾਗੈ ॥

ਹਰਿ ਨਾਮੁ ਪਦਾਰਥੁ , ਨਾਨਕੁ ਮਾਂਗੈ ॥੨॥

ਉਚਾਰਨ ਸੇਧਾਂ - ਧਿਆਈਂ ਅਤੇ ਸਮ੍ਹਾਲੇ

ਭਾਵ ਅਰਥ- ਹਰੀ ਦਾ ਨਾਮ ਮੈਂ ਰੋਜ਼ਾਨਾ ਹਿਰਦੇ ਵਿੱਚ ਸਿਮਰਦਾ, ਯਾਦ ਕਰਦਾ ਹਾਂ। ਨਾਮ ਦੀ ਬਰਕਤ ਨਾਲ ਮੈ ਆਪਣੇ ਸਤਸੰਗੀ (ਗਿਆਨ ਇੰਦ੍ਰੇ) ਵਿਕਾਰਾਂ ਤੋਂ ਮੁਕਤ ਕਰ ਲਏ।(ਭਾਵ ਕਾਮ, ਕ੍ਰੋਧ, ਅਹੰਕਾਰ ਆਦਿ ਵਿਕਾਰਾਂ ਦੇ ਪ੍ਰਭਾਵ ਤੋਂ ਤਾਰ ਲਏ, ਮੁਕਤ ਕਰ ਲਏ)॥੧॥

ਹੁਣ ਗੁਰੂ ਹੁਕਮ ਸਦਾ ਮੇਰੇ ਚੇਤੇ ਵਿੱਚ ਰਹਿੰਦਾ ਹੈ। ਜਿਸ ਨੂੰ ਸਿਮਰ (ਯਾਦ ਕਰ-ਕਰ) ਕੇ ਮੈਂ ਪ੍ਰਭੂ ਸ਼ਕਤੀ ਦੇ ਪ੍ਰਭਾਵ ਨੂੰ ਸਦਾ ਆਪਣੇ ਹਿਰਦੇ ਵਿੱਚ ਵਸਾਈ ਰੱਖਦਾ ਹਾਂ॥੧॥ਰਹਾਉ॥

(ਅਜਿਹੀ ਉੱਚੀ ਅਵਸਥਾ ਵਿੱਚ ਵਿਚਰਨ ਵਾਲੇ) ਗੁਰੂ ਅਰਜੁਨ ਸਾਹਿਬ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭੂ ਜੀ! ਤੇਰਾ ਕੀਤਾ ਹੋਇਆ (ਕੁਦਰਤ ਦਾ) ਹਰੇਕ ਕੰਮ ਮੈਨੂੰ ਚੰਗਾ ਲੱਗਦਾ ਹੈ। ਤੇਰਾ ਦਾਸ ਨਾਨਕ ਵੀ ਤੇਰੇ ਪਾਸੋਂ (ਕੇਵਲ) ਨਾਮ ਰੂਪੀ ਪਦਾਰਥ ਹੀ ਮੰਗਦਾ ਹਾਂ॥੨॥

ਸਾਰੰਸ਼ ਅਤੇ ਸਿਧਾਂਤ: ਮਨੁੱਖ ਦੀ ਮੰਗ ਹੀ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਅਤੇ ਨਾਮ ਵਿੱਚ ਲੀਨ ਰਹਿਣ ਦੀ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਜੀ ਨੇ ਸਾਰਿਆਂ ਲਈ ਇਹੋ ਹੀ ਜੀਵਨ ਜਾਚ ਸਿਖਾਈ ਹੈ।

| ਸ਼ਬਦ-੨ | ੧ੴ ਸਤਿ ਗੁਰ ਪ੍ਰਸਾਦਿ ॥<br>ਰਾਗ ਬੈਰਾੜੀ, ਮਹਲਾ ੫ ਘਰੁ ੧ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੭੨੦ |
|---|---|---|

ਸੰਤ ਜਨਾ ਮਿਲਿ, ਹਰਿ ਜਸੁ ਗਾਇਓ॥

ਕੋਟਿ ਜਨਮ ਕੇ, ਦੂਖ ਗਵਾਇਓ ॥੧॥ਰਹਾਉ॥

ਜੋ ਚਾਹਤ, ਸੋਈ ਮਨਿ ਪਾਇਓ॥

ਕਰਿ ਕਿਰਪਾ, ਹਰਿ ਨਾਮੁ ਦਿਵਾਇਓ ॥੧॥

ਸਰਬ ਸੂਖ, ਹਰਿ ਨਾਮਿ ਵਡਾਈ॥

ਗੁਰ ਪ੍ਰਸਾਦਿ, ਨਾਨਕ! ਮਤਿ ਪਾਈ ॥੨॥

ਭਾਵ ਅਰਥ: ਗੁਰੂ ਪਿਆਰਿਆਂ ਨਾਲ ਮਿਲ ਕੇ ਜਿਸ ਨੇ ਵੀ ਹਰੀ ਦਾ ਜਸ ਗਾਇਆ ਹੈ। ਉਸ ਨੇ ਆਪਣੇ ਕਰੋੜਾਂ ਜਨਮ ਦੇ ਦੁੱਖ ਦੂਰ ਕਰ ਲਏ ਹਨ (ਭਾਵ ਸਾਰੇ ਹੀ ਦੁਖ ਖ਼ਤਮ ਹੋ ਗਏ) ॥੧॥ਰਹਾਉ॥

ਹਰੀ ਜਸ ਗਾਉਣ ਵਾਲੇ ਨੇ, ਜੋ ਵੀ ਆਪਣੇ ਮਨ ਵਿੱਚ ਚਾਹਿਆ, ਉਹ ਪ੍ਰਾਪਤ ਕਰ ਲਿਆ।(ਭਾਵ ਉਹ ਚਾਹਵਾਨ ਹੀ ਕੇਵਲ ਪ੍ਰਭੂ ਨਾਮ ਦਾ ਰਹਿ ਗਿਆ ਸੀ, ਜੋ) ਗੁਰੂ ਜੀ ਨੇ ਕ੍ਰਿਪਾ ਕਰਕੇ ਗੁਰੂ ਪਿਆਰਿਆਂ ਰਾਹੀਂ (ਹਰਿ ਨਾਮ) ਦਿਵਾ ਦਿੱਤਾ ॥੧॥

ਹਰੀ ਦੇ ਨਾਮ (ਸਿਧਾਂਤ ਅਨੁਸਾਰ ਚੱਲਣ) ਵਿੱਚ ਹੀ ਸਾਰੇ ਆਤਮਕ ਸੁੱਖ ਅਤੇ ਦੁਨੀਆਵੀ ਸਤਿਕਾਰ ਹੈ ਪਰ ਹੇ ਨਾਨਕ! ਵਿਚਾਰਵਾਨ ਨੇ ਹੀ ਗੁਰੂ ਦੀ ਕਿਰਪਾ ਨਾਲ ਅਜੇਹੀ ਅਕਲ ਪ੍ਰਾਪਤ ਕੀਤੀ ਹੈ ॥੨॥

ਸਾਰੰਸ਼ ਅਤੇ ਸਿਧਾਂਤ :- ਸਭ ਅਨੰਦ ਤੇ ਦੁਨੀਆਵੀ ਮਾਣ ਹਰੀ ਦੇ ਨਾਮ ਦੀ ਕਮਾਈ ਵਿੱਚ ਹੈ, ਜੋ ਗੁਰਸਿੱਖਾਂ ਦੀ ਸੰਗਤ ਰਾਹੀਂ ਸ਼ਬਦ ਵਿਚਾਰ ਕੇ ਪ੍ਰਭੂ ਦਾ ਜਸ ਕੀਤਿਆਂ ਪ੍ਰਾਪਤ ਹੁੰਦਾ ਹੈ।

GPCT Home of Humanity

| ਸ਼ਬਦ-੩ | ਭੈਰਉ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੧੧੩੬ |
|---|---|---|

ਊਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥੧॥

ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥੧॥ਰਹਾਉ॥

ਸੋਇ ਅਚਿੰਤਾ ਜਾਗਿ ਅਚਿੰਤਾ ॥ ਜਹ ਕਹਾਂ ਪ੍ਰਭੁ ਤੂੰ ਵਰਤੰਤਾ ॥੨॥

ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥

ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥

ਉਚਾਰਨ ਸੇਧਾਂ - ਨਹੀਂ, ਘਟਾਂ, ਜਹਾਂ ਅਤੇ ਦ੍ਰਿੜ੍ਹਾਇਆ

ਭਾਵ ਅਰਥ :-ਜਦੋਂ ਕੋਈ ਮਨੁੱਖ ਇਉਂ ਸਮਝ ਲੈਂਦਾ ਹੈ ਕਿ ਪ੍ਰਭੂ ਜੀ ਹੀ ਸਭ ਦੀ ਸੰਭਾਲ ਕਰਨ ਵਾਲੇ ਹਨ ਤਾਂ ਉਹ ਉਠਦਾ-ਬੈਠਦਾ ਹਰ ਵੇਲੇ ਉਸ ਮਾਲਕ ਨੂੰ ਯਾਦ ਕਰ ਕੇ ਖਿੜਾਉ ਵਿੱਚ ਰਹਿੰਦਾ ਹੈ ਕਿਉਂਕਿ ਉਸ ਨੂੰ ਕਿਸੇ ਕਿਸਮ ਦਾ ਕੋਈ ਡਰ (ਦੁਚਿੱਤਾਪਨ) ਨਹੀਂ ਹੁੰਦਾ। (ਨਾਨਕ! ਭਗਤਾ ਸਦਾ ਵਿਗਾਸੁ॥ ਸੁਣਿਐ, ਦੂਖ ਪਾਪ ਕਾ ਨਾਸੁ ॥ ੧ ॥)

ਸਾਡੇ ਸਭ ਦੀ ਰੱਖਿਆ ਕਰਨ ਵਾਲੇ ਇੱਕ ਮਾਲਕ ਪ੍ਰਭੂ ਜੀ ਹੀ ਹੈ। ਉਹ ਸਭ ਜੀਵਾਂ ਦੇ ਦਿਲਾਂ ਦੀ ਵੀ ਜਾਣਨ ਵਾਲਾ ਹੈ। (ਜ਼ਰੂਰਤ ਅਨੁਸਾਰ ਆਪ ਹੀ ਮਦਦ ਕਰੀ ਜਾ ਰਿਹਾ ਹੈ, ਫਿਰ ਚਿੰਤਾ ਕਾਹਦੀ?)॥ ੧॥ ਰਹਾਉ ॥

(ਪ੍ਰਭੂ ਬਾਰੇ ਉਕਤ ਜਾਣਕਾਰੀ ਰੱਖਣ ਵਾਲਾ ਮਨੁੱਖ) ਨਿਸਚਿੰਤ ਹੋ ਕੇ ਸਉਂਦਾ ਹੈ, ਨਿਸਚਿੰਤ ਹੋ ਕੇ ਜਾਗਦਾ ਹੈ (ਭਾਵ ਹਰ ਸਮੇਂ ਚਿੰਤਾ ਰਹਿਤ ਰਹਿੰਦੇ ਹਨ) ਕਿਉਂਕਿ ਹਰ ਥਾਂ ਮਾਲਕ ਤੂੰ ਹੀ ਮੌਜੂਦ ਹੈ, (ਇਹ ਵਾਲੀ ਮਦਦਗਾਰ ਭਾਵਨਾ ਬਣੀ ਰਹਿੰਦੀ ਹੈ)॥ ੨॥

ਹੇ ਨਾਨਕ! ਆਖ, ਗੁਰੂ (ਸਿਖਿਆ) ਨੇ ਜਿਸ ਮਨੁੱਖ ਦੇ ਹਿਰਦੇ ਅੰਦਰ ਇਹ ਯਕੀਨ ਬਣਾ ਦਿੱਤਾ ਕਿ ਕੇਵਲ ਪ੍ਰਭੂ ਮਾਲਕ ਹੀ ਸਾਡਾ ਸਭ ਜੀਵਾਂ ਦਾ ਰਾਖਾ ਹੈ, ਤਾਂ ਉਹ ਮਨੁੱਖ ਘਰ (ਹਿਰਦੇ) ਵਿੱਚੋਂ ਅਨੰਦਮਈ ਰਹਿੰਦਾ ਹੈ ਅਤੇ ਬਾਹਰ (ਸੰਸਾਰ) ਵਿੱਚ ਵਿਚਰਦਿਆਂ ਸੁੱਖ (ਪ੍ਰਭੂ ਮਿਲਾਪ) ਬਣਾਈ ਰੱਖਦਾ ਹੈ ॥ ੩ ॥

ਸਾਰਾਂਸ਼ ਅਤੇ ਸਿਧਾਂਤ :- ਸਾਰੇ ਜੀਵਾਂ ਦਾ ਰਾਖਾ ਇੱਕ ਅਕਾਲ ਪਾਰਖ ਹੈ, ਪ੍ਰਭੂ ਵਿਆਪਕ ਦੀ ਯਾਦ ਵਿੱਚ ਜੁੜਨ ਨਾਲ ਮਨੁੱਖ ਸਾਰੇ ਸੁੱਖ ਪ੍ਰਾਪਤ ਕਰ ਸਕਦਾ ਹੈ ਤੇ ਨਿਰਭਉ ਹੋ ਜਾਂਦਾ ਹੈ।

| ਸ਼ਬਦ-੪ | ਰਾਗੁ ਸੋਰਠਿ ਵਾਰ ਮਹਲੇ ੪ ਕੀ ॥<br>੨੫ਵੀਂ ਪਉੜੀ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੬੫੨ |
|---|---|---|

ਰੈਣਿ ਦਿਨਸੁ ਪਰਭਾਤਿ, ਤੂਹੈ ਹੀ ਗਾਵਣਾ ॥

ਜੀਅ ਜੰਤ ਸਰਬਤ, ਨਾਉ ਤੇਰਾ ਧਿਆਵਣਾ ॥

ਤੂ ਦਾਤਾ ਦਾਤਾਰੁ, ਤੇਰਾ ਦਿਤਾ ਖਾਵਣਾ ॥

ਭਗਤ ਜਨਾ ਕੈ ਸੰਗਿ, ਪਾਪ ਗਵਾਵਣਾ ॥

ਜਨ ਨਾਨਕ ! ਸਦ ਬਲਿਹਾਰੈ, ਬਲਿ ਬਲਿ ਜਾਵਣਾ ॥ ੨੫ ॥

ਉਚਾਰਣ ਸੇਧ:- ਤੂਹੈਂ, ਨਾਉਂ, ਤੂੰ, ਦਿੱਤਾ, ਸਰਬੱਤ

ਭਾਵ ਅਰਥ :- ਹੇ ਪ੍ਰਭੂ ਜੀ ! ਰਾਤ, ਦਿਨ, ਸਵੇਰ (ਭਾਵ ਹਰ ਸਮੇਂ) ਕੇਵਲ ਤੂੰ ਹੀ ਯਾਦ ਕਰਨ ਯੋਗ ਹੈਂ ਕਿਉਂਕਿ ਸਾਰੇ ਜੀਵ ਜੰਤ ਹੀ ਤੇਰਾ ਨਾਮ ਯਾਦ ਕਰਦੇ ਹਨ (ਭਾਵ ਤੇਰੇ ਹੁਕਮ ਦਾ ਪਾਲਣ ਕਰਦੇ ਹਨ)। ਤੂੰ (ਹੀ ਇਨ੍ਹਾਂ ਨੂੰ) ਦਾਤਾਂ ਦੇਣ ਵਾਲਾ ਦਾਤਾਰ ਹੈਂ। ਕਿਉਂਕਿ ਸਾਰੇ ਤੇਰਾ ਦਿੱਤਾ ਹੋਇਆ ਹੀ ਖਾਂਦੇ ਹਨ। (ਦੁਨਿਆਵੀ ਦਾਤਾਂ ਤੋਂ ਇਲਾਵਾ ਇੱਕ ਵਿਸ਼ੇਸ਼ ਦਾਤ ਜਿਸ ਨੋ ਬਖਸੇ, ਸਿਫਤਿ ਸਾਲਾਹ ॥ਮ:੧/ਜਪੁ ॥ ਭਾਵ ਜਿਸ ਨੂੰ ਇਹ ਦਾਤ ਬਖ਼ਸ਼ਦਾ ਹੈਂ, ਉਹ ਜੀਵ) ਚੰਗੇ ਗੁਣਾਂ ਵਾਲੇ ਸਤ-ਸੰਗੀਆਂ ਨਾਲ ਮਿਲ ਬੈਠ ਕੇ ਆਪਣੇ ਮਾੜੇ ਸੁਭਾਅ ਨੂੰ ਦੂਰ ਕਰ ਲੈਂਦੇ ਹਨ। ਹੇ ਨਾਨਕ ! ਅਜੇਹੇ ਭਗਤ ਜਨਾ ਤੋਂ ਸਦਾ ਹੀ ਸਦਕੇ ਜਾਣਾ (ਭਾਵ ਉਨ੍ਹਾਂ ਦਾ ਗੁਰੂ ਸਿਧਾਂਤ ਅਨੁਕੂਲ ਬਚਨ ਮੰਨਣਾ) ਚਾਹੀਦਾ ਹੈ।

ਸਾਰੰਸ਼ ਤੇ ਸਿਧਾਂਤ :- ਚੰਗੇ ਗੁਣਾਂ ਵਾਲੇ ਸਤ ਸੰਗੀਆਂ ਦੇ ਵਿਚਾਰ ਮੰਨ ਕੇ ਮਨ ਬੁਰੇ ਕੰਮਾਂ ਤੋਂ ਹਟ ਜਾਂਦਾ ਹੈ।

| ਸ਼ਬਦ-੫ | ਕਾਨੜਾ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੧੨੯੯ |
|---|---|---|

ਬਿਸਰਿ ਗਈ, ਸਭ ਤਾਤਿ ਪਰਾਈ ॥

ਜਬ ਤੇ, ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥

ਨਾ ਕੋ ਬੈਰੀ, ਨਹੀ ਬਿਗਾਨਾ, ਸਗਲ ਸੰਗਿ, ਹਮ ਕਉ ਬਨਿ ਆਈ ॥ ੧ ॥

ਜੋ ਪ੍ਰਭ ਕੀਨੋ, ਸੋ ਭਲ ਮਾਨਿਓ, ਏਹ ਸੁਮਤਿ, ਸਾਧੂ ਤੇ ਪਾਈ ॥ ੨ ॥

ਸਭ ਮਹਿ, ਰਵਿ ਰਹਿਆ ਪ੍ਰਭੁ ਏਕੈ, ਪੇਖਿ ਪੇਖਿ ਨਾਨਕ! ਬਿਗਸਾਈ ॥੩॥

ਉਚਾਰਣ ਸੇਧਾਂ :- ਨਹੀਂ, ਮਹਿਂ

ਭਾਵ ਅਰਥ :- (ਪ੍ਰਭੂ ਦੇ ਭਗਤ ਦੀ ਦਿਲੀ ਭਾਵਨਾ, ਕੋਮਲਤਾ ਨਾਲ ਭਰਪੂਰ ਹੁੰਦੀ ਹੈ ਇਸ ਲਈ ਉਹ ਆਖਦਾ ਹੈ ਕਿ) ਜਦੋਂ ਤੋਂ ਮੈਨੂੰ ਰੱਬੀ ਗੁਣਾਂ ਵਾਲੇ ਸਤ-ਸੰਗੀਆਂ ਦੀ ਸੰਗਤ ਮਿਲੀ ਹੈ, ਉਦੋਂ ਤੋਂ ਮੇਰੀ ਦੂਜਿਆਂ ਪ੍ਰਤੀ ਈਰਖਾ ਖ਼ਤਮ ਹੋ ਗਈ ਹੈ (ਭਾਵ ਪਿਆਰ ਪੈ ਗਿਆ ਹੈ) ॥ ੧ ॥ ਰਹਾਉ ॥

ਹੁਣ ਕੋਈ ਵੀ ਦੁਸ਼ਮਣ ਜਾਂ ਪਰਾਇਆ ਨਜ਼ਰ ਨਹੀਂ ਆਉਂਦਾ ਹੈ, ਸਾਰਿਆਂ ਨਾਲ ਮੇਰੇ (ਇੱਕ ਪਰਿਵਾਰ ਦੀ ਤਰ੍ਹਾਂ) ਸੰਬੰਧ ਬਣ ਗਏ ਹਨ ॥ ੧ ॥

ਜੋ ਵੀ ਰੱਬ ਨੇ ਹੁਕਮ ਕੀਤਾ ਮੈਂ ਉਸ ਨੂੰ ਚੰਗਾ ਮੰਨਿਆ। ਇਹ ਬਿਬੇਕ (ਸਮਝ) ਮੈਨੂੰ ਗੁਰੂ ਗਿਆਨ ਰਾਹੀਂ ਹੀ ਪ੍ਰਾਪਤ ਹੋਈ ਹੈ ॥ ੨ ॥

ਹੇ ਨਾਨਕ! ਸਾਰੀ ਕੁਦਰਤ ਵਿੱਚ ਇੱਕ ਪ੍ਰਭੂ ਹੀ ਵਿਆਪਕ ਹੈ। ਮੈ ਇਹ ਸਭ ਨਜ਼ਾਰੇ ਦੇਖ-ਦੇਖ ਕੇ ਅਨੰਦ, ਬਿਸਮਾਦ ਅਨੁਭਵ ਕਰ ਰਿਹਾ ਹਾਂ ॥ ੩ ॥

ਸਾਰੰਸ਼ ਤੇ ਸਿਧਾਂਤ :- ਆਤਮਕ ਜੀਵਨ ਨੂੰ ਨਾਸ਼ ਕਰਨ ਵਾਲੀ ਦਵੈਤ ਭਾਵਨਾ ਪੂਰੇ ਗੁਰੂ ਦੀ ਸੰਗਤ ਨਾਲ ਖਤਮ ਹੋ ਜਾਂਦੀ ਹੈ ਕਿਉਂਕਿ ਹਰ ਪਾਸੇ ਵਾਹਿਗੁਰੂ ਜੀ ਨੂੰ ਵੇਖਣ ਦੀ ਸਮਝ ਆ ਜਾਂਦੀ ਹੈ।

| ਸ਼ਬਦ-੬ | ੨੦ਵੀਂ ਪਉੜੀ (ਸਿਰੀ ਰਾਗੁ ਕੀ ਵਾਰ) | ਸ੍ਰੀ.ਗੁ.ਗ੍ਰੰ.ਸਾ.-ਪੰਨਾ ੯੧ |
|---|---|---|

ਕੀਤਾ ਲੋੜੀਐ ਕੰਮੁ, ਸੁ ਹਰਿ ਪਹਿ ਆਖੀਐ ॥

ਕਾਰਜੁ ਦੇਇ ਸਵਾਰਿ, ਸਤਿਗੁਰ ਸਚੁ ਸਾਖੀਐ ॥

ਸੰਤਾ ਸੰਗਿ ਨਿਧਾਨੁ, ਅੰਮ੍ਰਿਤੁ ਚਾਖੀਐ ॥

ਭੈ ਭੰਜਨ ਮਿਹਰਵਾਨ, ਦਾਸ ਕੀ ਰਾਖੀਐ ॥

ਨਾਨਕ! ਹਰਿ ਗੁਣ ਗਾਇ, ਅਲਖੁ ਪ੍ਰਭੁ ਲਾਖੀਐ ॥੨੦॥

ਉਚਾਰਨ ਸੇਧਾਂ – ਸੰਤਾਂ

ਭਾਵ ਅਰਥ : ਹੇ ਭਾਈ! ਜੇ ਤੁਸੀਂ ਆਪਣੀ ਜ਼ਿੰਦਗੀ ਦਾ (ਹਰ) ਕਾਰਜ ਸਫ਼ਲ ਕਰਨਾ ਚਾਹੁੰਦੇ ਹੋ, ਤਾਂ (ਇਸ ਖੇਲ, ਰਚਨਾ ਦੇ) ਮਾਲਕ ਅੱਗੇ ਅਰਦਾਸ ਕਰਨੀ ਚਾਹੀਦੀ ਹੈ। ਸਤਿਗੁਰ ਜੀ ਦੀ ਸਿੱਖਿਆ ਰਾਹੀਂ ਸਦਾ ਥਿਰ ਰੱਬ; ਮਨੁੱਖ ਦਾ ਕਾਰਜ ਸਵਾਰ ਦਿੰਦਾ ਹੈ।

ਗੁਰਸਿੱਖਾਂ ਦੀ ਸੰਗਤ ਵਿੱਚ (ਹਰ ਕੰਮ ਨੂੰ ਸਫ਼ਲ ਕਰ ਦੇਣ ਵਾਲਾ ਗੁਰੂ ਰੂਪ) ਖ਼ਜ਼ਾਨਾ ਹੈ। ਇਹ ਅੰਮ੍ਰਿਤ ਚੱਖਿਆ (ਮਾਣਿਆ) ਜਾ ਸਕਦਾ ਹੈ। (ਭਾਵ ਜੀਵਾਂ ਦੇ ਵਰਤਨ ਲਈ ਹੀ ਹੈ। ਪਰ ਇਸ ਦੀ ਪ੍ਰਾਪਤੀ ਲਈ ਇਹ ਅਰਦਾਸ ਕਰਨੀ ਜ਼ਰੂਰੀ ਹੈ।)

ਹੇ ਸਾਰੇ ਡਰਾਂ (ਅਵਿਸ਼ਵਾਸ) ਨੂੰ ਦੂਰ ਕਰਨ ਵਾਲੇ ਦਇਆਲੂ ਪ੍ਰਭੂ! ਆਪ ਜੀ ਦੇ ਸੇਵਕ ਅਖਵਾਉਣ ਦੀ ਇੱਜ਼ਤ ਰੱਖ ਲਓ। ਹੇ ਨਾਨਕ! (ਆਖ, ਕਿ ਇਉਂ ਬੇਨਤੀ ਰੂਪ 'ਚ) ਪ੍ਰਭੂ ਜੀ ਨੂੰ ਯਾਦ ਕਰਕੇ (ਗਿਆਨ ਇੰਦ੍ਰਿਆਂ ਦੀ ਰਾਹੀਂ) ਨਾ ਸਮਝੇ ਜਾਣ ਵਾਲੇ ਪ੍ਰਭੂ ਨਾਲ ਸਾਂਝ ਪਾ ਲਈਦੀ ਹੈ (ਅਤੇ ਸਾਰੇ ਕਾਰਜ ਸਫ਼ਲ ਕੀਤੇ ਜਾ ਸਕਦੇ ਹਨ) ॥ ੨੦ ॥

ਸਾਰੰਸ਼ ਤੇ ਸਿਧਾਂਤ : ਸਤਿਗੁਰੂ ਜੀ ਦੇ ਦੱਸੇ ਰਾਹ ਤੇ ਤੁਰਿਆਂ ''ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ'' ਵਾਲਾ ਕਾਰਜ ਸੰਵਾਰ ਲਿਆ ਜਾਂਦਾ ਹੈ ਕਿਉਂਕਿ ਅਕਾਲ ਪੁਰਖ ਨਾਲ ਮੇਲ ਬਣਿਆ ਰਹਿੰਦਾ ਹੈ।

| ਸ਼ਬਦ-੭ | ਸੋਰਠਿ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੬੩੧ |
|---|---|---|

ਸਰਬ ਸੁਖਾ ਕਾ ਦਾਤਾ ਸਤਿਗੁਰੁ, ਤਾ ਕੀ ਸਰਨੀ ਪਾਈਐ ॥

ਦਰਸਨੁ ਭੇਟਤ ਹੋਤ ਅਨੰਦਾ, ਦੂਖੁ ਗਇਆ ਹਰਿ ਗਾਈਐ ॥ ੧ ॥

ਹਰਿ ਰਸੁ ਪੀਵਹੁ, ਭਾਈ ॥

ਨਾਮੁ ਜਪਹੁ, ਨਾਮੋ ਆਰਾਧਹੁ, ਗੁਰ ਪੂਰੇ ਕੀ ਸਰਨਾਈ ॥ ਰਹਾਉ ॥

ਤਿਸਹਿ ਪਰਾਪਤਿ, ਜਿਸੁ ਧੁਰਿ ਲਿਖਿਆ, ਸੋਈ ਪੂਰਨੁ ਭਾਈ ॥

ਨਾਨਕ ਕੀ ਬੇਨੰਤੀ ਪ੍ਰਭ ਜੀ ! ਨਾਮਿ ਰਹਾ ਲਿਵ ਲਾਈ ॥ ੨ ॥

ਉਚਾਰਣ ਸੇਧਾਂ :- ਸੁਖਾਂ, ਸ਼ਰਨੀ, ਦਰਸ਼ਨ, ਸ਼ਰਨਾਈ ਅਤੇ ਰਹਾਂ

ਭਾਵ ਅਰਥ :- ਗੁਰੂ ਸਾਰੇ ਸੁਖਾਂ (ਅੰਦਰੂਨੀ ਅਨੰਦ) ਦਾ ਦਾਤਾ ਹੈ, ਉਸ ਦੀ ਸ਼ਰਨ ਪੈਣਾ ਚਾਹੀਦਾ ਹੈ। ਸਤਿਗੁਰੂ ਦੇ ਦਰਸ਼ਨ (ਸ਼ਬਦ ਵੀਚਾਰ) ਕਰਨ ਨਾਲ ਖੁਸ਼ੀ ਤੇ ਖੇੜਾ ਮਿਲਦਾ ਹੈ। ਹਰੇਕ ਦੁਖ ਦੂਰ ਹੋ ਜਾਂਦਾ ਹੈ, ਗੁਰੂ ਉਪਦੇਸ਼ ਅਨੁਸਾਰ ਪ੍ਰਭੂ ਦੀ ਸਿਫ਼ਤ-ਸਾਲਾਹ ਕਰਨੀ ਚਾਹੀਦੀ ਹੈ ॥ ੧ ॥

ਹੇ ਭਾਈ! ਹਰੀ ਦੇ ਨਾਮ ਦਾ ਰਸ ਪੀਓ। (ਭਾਵ ਰੱਬ ਦੇ ਗੁਣਾਂ ਨੂੰ ਮਹਿਸੂਸ ਕਰੋ) ਪੂਰੇ (ਅਭੁੱਲ) ਗੁਰੂ ਦੀ ਸ਼ਰਨ ਪੈ ਕੇ ਸਦਾ ਨਾਮ ਸਿਮਰਿਆ ਕਰੋ। (ਭਾਵ ਗੁਰਮਤਿ ਨੂੰ ਸਮਝੋ ਅਤੇ ਪ੍ਰਭੂ ਜੀ ਨੂੰ ਯਾਦ ਕਰੋ ॥ ੧ ॥ ਰਹਾਉ ॥

ਪਰ ਹੇ ਭਾਈ! ਇਹ ਦਾਤ, ਮਿਹਰ ਉਸ ਮਨੁੱਖ ਨੂੰ ਹੀ ਮਿਲਦੀ ਹੈ, ਜਿਸ ਦੀ ਕਿਸਮਤ ’ਚ ਪ੍ਰਭੂ ਦਰ ਤੋਂ ਇਸ ਦੀ ਪ੍ਰਾਪਤੀ ਲਿਖੀ ਹੁੰਦੀ ਹੈ। (ਭਾਵ ਜਿਸ ਉੱਤੇ ਰੱਬ ਦੀ ਕਿਰਪਾ ਹੋਵੇ।) ਉਹ ਮਨੁੱਖ, ਸਰਬ ਗੁਣਾਂ ਸੰਪੰਨ ਪ੍ਰਭੂ ਦਾ ਰੂਪ ਹੋ ਜਾਂਦਾ ਹੈ। ਨਾਨਕ ਦੀ ਵੀ ਬੇਨਤੀ ਹੈ ਕਿ ਹੇ ਪ੍ਰਮਾਤਮਾ ਜੀ! ਮੇਰੇ ’ਤੇ ਸਦਾ ਕਿਰਪਾ ਕਰਦੇ ਰਹੋ ਤਾਂ ਜੋ ਮੈਂ ਤੁਹਾਡੇ ਨਾਮ (ਸਿਧਾਂਤ) ਵਿੱਚ ਸੁਰਤ ਜੋੜੀ ਰੱਖਾਂ ॥ ੨ ॥

ਸਾਰੰਸ਼ ਤੇ ਸਿਧਾਂਤ:- ਸੰਸਾਰ ਦੇ ਸਾਰੇ ਦੁੱਖਾਂ ਤੋਂ ਛੁਟਕਾਰਾ ਅਤੇ ਸੁੱਖਾਂ ਦੀ ਪ੍ਰਾਪਤੀ ਲਈ ਕੇਵਲ ਗੁਰੂ ਦਾ ਉਪਦੇਸ਼ ਹੀ ਇੱਕ ਦਾਰੂ ਹੈ। ਉਸੇ ਵਿੱਚ ਹੀ ਮਨ ਨੂੰ ਜੋੜੀ ਰੱਖਣਾ ਚਾਹੀਦਾ ਹੈ।

| ਸ਼ਬਦ-੮ | ਰਾਮਕਲੀ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੯੦੧ |
|---|---|---|

ਗੁਰੁ ਪੂਰਾ, ਮੇਰਾ ਗੁਰੁ ਪੂਰਾ ॥
ਰਾਮ ਨਾਮੁ ਜਪਿ ਸਦਾ ਸੁਹੇਲੇ, ਸਗਲ ਬਿਨਾਂਸੇ ਰੋਗ ਕੂਰਾ ॥ ੧ ॥ ਰਹਾਉ ॥
ਏਕੁ ਅਰਾਧਹੁ, ਸਾਚਾ ਸੋਇ ॥ ਜਾ ਕੀ ਸਰਨਿ, ਸਦਾ ਸੁਖੁ ਹੋਇ ॥ ੧ ॥
ਨੀਦ ਸੁਹੇਲੀ, ਨਾਮ ਕੀ ਲਾਗੀ ਭੂਖ॥
ਹਰਿ ਸਿਮਰਤ, ਬਿਨਸੇ ਸਭ ਦੂਖ ॥੨॥
ਸਹਜਿ ਅਨੰਦ ਕਰਹੁ, ਮੇਰੇ ਭਾਈ ॥ ਗੁਰਿ ਪੂਰੈ, ਸਭ ਚਿੰਤ ਮਿਟਾਈ ॥੩॥
ਆਠ ਪਹਰ, ਪ੍ਰਭ ਕਾ ਜਪੁ ਜਾਪਿ ॥ ਨਾਨਕ ! ਰਾਖਾ ਹੋਆ ਆਪਿ ॥੪॥

ਉਚਾਰਣ ਸੇਧ :- ਸ਼ਰਨ ਅਤੇ ਨੀਂਦ

ਭਾਵ ਅਰਥ :- ਹੇ ਭਾਈ! ਮੇਰਾ ਸ਼ਬਦ ਗੁਰੂ, ਪੂਰਾ ਸਮਰੱਥ ਹੈ ਕਿਉਂਕਿ ਗੁਰਬਾਣੀ ਰਾਹੀਂ ਰੱਬ ਦਾ ਨਾਮ ਜਪ ਕੇ ਜਗਿਆਸੂ ਸਦਾ ਤੋਂ ਸੁਖੀ ਹੁੰਦੇ ਆਏ ਹਨ, ਉਹਨਾਂ ਦੇ ਵਿਕਾਰ ਰੂਪ ਕੂੜੇ ਰੋਗ ਨਾਸ਼ ਹੋ ਗਏ ਸਨ/ਹਨ ॥੧॥ ਰਹਾਉ॥

ਹੇ ਭਾਈ! ਸਦਾ ਥਿਰ ਰਹਿਣ ਵਾਲੇ ਇੱਕ ਪਰਮੇਸ਼ਰ ਨੂੰ ਸਿਮਰੋ, ਜਿਸ ਦੀ ਸ਼ਰਣ 'ਚ ਪਇਆਂ ਸਦਾ ਹੀ ਆਤਮਿਕ ਸੁਖ ਪ੍ਰਾਪਤ ਹੁੰਦਾ ਹੈ ॥੧॥

ਹੇ ਭਾਈ! ਜਿਸ ਨੂੰ ਸੱਚੇ ਉਪਦੇਸ਼ ਦੀ ਭੁੱਖ (ਲਗਨ) ਲੱਗ ਗਈ ਹੈ, ਉਸ ਦੀ ਨੀਂਦ ਸੁਹੇਲੀ ਸੁਖਦਾਈ ਬਣ ਜਾਂਦੀ ਹੈ (ਭਾਵ ਚਿੰਤਾ ਰਹਿਤ ਹੋ ਜਾਂਦਾ ਹੈ) ਕਿਉਂਕਿ ਪ੍ਰਭੂ ਦਾ ਨਾਮ ਯਾਦ ਕਰਦਿਆਂ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ ॥੨॥

ਹੇ ਮੇਰੇ ਵੀਰ! ਸਹਜ ਅਵਸਥਾ ਵਿੱਚ ਟਿਕ ਕੇ ਆਤਮਿਕ ਅਨੰਦ ਮਾਣੋ ਕਿਉਂਕਿ ਪੂਰੇ ਗੁਰੂ ਨੇ ਸਾਰੀ ਚਿੰਤਾ ਦੂਰ ਕਰ ਦਿੱਤੀ ਹੈ ॥੩॥

ਹੇ ਨਾਨਕ! ਆਖ ਕਿ ਹੇ ਭਾਈ! ਅੱਠੇ ਪਹਿਰ ਪ੍ਰਭੂ ਦਾ ਨਾਮ ਜਪੋ। ਜਿਸ ਨੇ ਵੀ ਨਾਮ ਜਪਿਆ ਹੈ (ਭਾਵ ਗੁਰੂ ਸਿਖਿਆ ਅਨੁਸਾਰ ਜੀਵਨ ਬਸਰ ਕਰਕੇ ਨਿਰਾਕਾਰ ਪ੍ਰਮਾਤਮਾ ਦੀ ਹੁਕਮ ਸ਼ਕਤੀ ਨੂੰ ਹਮੇਸ਼ਾਂ ਖਿੜੇ ਮੱਥੇ ਪ੍ਰਵਾਨ ਕੀਤਾ ਹੈ) ਉਸ ਮਨੁੱਖ ਲਈ ਰੱਬ ਆਪ ਸਦਾ ਮਦਦਗਾਰ ਬਣਦਾ ਹੈ ॥੪॥

ਸਾਰੰਸ਼ ਤੇ ਸਿਧਾਂਤ :- ਪੂਰਾ ਗੁਰੂ ਉਹ ਹੁੰਦਾ ਹੈ ਜੋ ਹਰ ਸਮੇ ਅਭੁੱਲ ਹੋਵੇ। ਪੂਰੇ ਗੁਰੂ ਦਾ ਉਪਦੇਸ਼ ਸੁਣਿਆਂ ਅਕਾਲ ਪੁਰਖ ਨੂੰ ਨੇੜੇ ਤੋਂ ਜਾਣਨ ਦੀ ਮਤਿ ਪ੍ਰਾਪਤ ਹੁੰਦੀ ਹੈ। ਪੂਰੇ ਗੁਰੂ ਦੀ ਬਰਕਤ ਨਾਲ ਹਰੀ ਦਾ ਨਾਮ ਜਪਿਆਂ ਹਰ ਪ੍ਰਕਾਰ ਦੀ ਚਿੰਤਾ ਦੂਰ ਹੋ ਜਾਂਦੀ ਹੈ ਅਤੇ ਸਾਰੇ ਰੋਗ ਨਾਸ਼ ਹੋ ਜਾਂਦੇ ਹਨ। ਪੂਰਾ ਗੁਰੂ, ਸਿੱਖ ਲਈ ਗੁਰਬਾਣੀ ਹੀ ਹੈ, ਕੋਈ ਹੋਰ ਦੇਹਧਾਰੀ ਸਰੀਰ ਨਹੀਂ।



GPCT Home of Humanity

| ਸ਼ਬਦ-੯ | ਰਾਮਕਲੀ ਮਹਲਾ ੩ ਅਨੰਦੁ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੯੨੦ |
|---|---|---|

ਆਵਹੁ ਸਿਖ! ਸਤਿਗੁਰੂ ਕੇ ਪਿਆਰਿਹੋ! ਗਾਵਹੁ ਸਚੀ ਬਾਣੀ ॥

ਬਾਣੀ ਤ ਗਾਵਹੁ, ਗੁਰੂ ਕੇਰੀ, ਬਾਣੀਆ ਸਿਰਿ ਬਾਣੀ ॥

ਜਿਨ ਕਉ ਨਦਰਿ ਕਰਮੁ ਹੋਵੈ, ਹਿਰਦੈ ਤਿਨਾ ਸਮਾਣੀ ॥

ਪੀਵਹੁ ਅੰਮ੍ਰਿਤੁ, ਸਦਾ ਰਹਹੁ ਹਰਿ ਰੰਗਿ, ਜਪਿਹੁ ਸਾਰਿਗਪਾਣੀ ॥

ਕਹੈ ਨਾਨਕੁ ਸਦਾ ਗਾਵਹੁ, ਏਹ ਸਚੀ ਬਾਣੀ ॥ ੨੩ ॥

ਉਚਾਰਨ ਸੇਧਾਂ : ਬਾਣੀਆਂ, ਤਿਨ੍ਹਾਂ ਅਤੇ ਸਾਰਿੰਗਪਾਣੀ

ਭਾਵ ਅਰਥ :- ਗੁਰੂ ਜੀ ਗੁਰਸਿਖਾਂ ਨੂੰ ਸਮਝਾਉਂਦੇ ਅਤੇ ਪ੍ਰੇਰਦੇ ਹਨ ਕਿ ਹੇ ਸਤਿਗੁਰੂ ਦੇ ਪਿਆਰੇ ਸਿੱਖੋ! ਸੰਗਤ ਰਾਹੀਂ ਰਲ-ਮਿਲ ਕੇ ਸੱਚੀ ਬਾਣੀ (ਸੱਚੇ ਰੱਬ ਨਾਲ ਜੋੜਣ ਵਾਲੀ ਬਾਣੀ) ਨੂੰ ਗਾਇਨ ਕਰੋ, ਸਮਝੋ ਅਤੇ ਅਪਨਾਓ। ਇਹ ਬਾਣੀ ਹੋਰ ਸਭ ਬਾਣੀਆਂ ਨਾਲੋਂ ਸ਼੍ਰੋਮਣੀ/ਸ਼੍ਰੇਸ਼ਟ ਹੈ। ਜਿਨ੍ਹਾਂ ਮਨੁੱਖਾਂ 'ਤੇ ਪ੍ਰਮਾਤਮਾ ਜੀ ਦੀ ਕਿਰਪਾ ਹੁੰਦੀ ਹੈ, ਉਨ੍ਹਾਂ ਦੇ ਹਿਰਦੇ ਵਿੱਚ ਇਹ ਗੁਰਬਾਣੀ (ਗੁਰੂ ਸਿਧਾਂਤ) ਵੱਸ ਜਾਂਦੀ ਹੈ। ਇਸ ਲਈ ਇਸ ਅੰਮ੍ਰਿਤ ਨੂੰ ਪੀਵੋ (ਭਾਵ ਸਮਝ ਕੇ ਜੀਵਨ ਵਿੱਚ ਢਾਲੋ), ਪ੍ਰਭੂ ਨੂੰ ਜਪੋ ਅਤੇ ਉਸ ਦੇ ਪਿਆਰ ਰੰਗ ਵਿੱਚ ਸਦਾ ਮਗਨ ਰਹੋ। ਨਾਨਕ ਆਖਦਾ ਹੈ, ਪ੍ਰਮਾਤਮਾ ਜੀ ਵੱਲੋਂ ਬਖਸ਼ੀ ਇਸ ਸੱਚੀ ਬਾਣੀ ਨੂੰ ਸਦਾ ਗਾਉਂਦੇ ਰਹੋ, ਮਾਣਦੇ ਰਹੋ ॥ ੨੩ ॥

ਸਾਰੰਸ਼ ਤੇ ਸਿਧਾਂਤ :- ਗੁਰਬਾਣੀ ਨੂੰ ਬਾਰ-ਬਾਰ ਗਾਉਣ ਅਤੇ ਵੀਚਾਰਨ ਨਾਲ ਜੀਵਨ ਜੀਉਣ ਦੀ ਸਮਝ ਆ ਜਾਂਦੀ ਹੈ ਅਤੇ ਜੀਵਨ ਬੜਾ ਚੰਗਾ, ਉੱਚਾ ਸੁੱਚਾ ਹੋ ਜਾਂਦਾ ਹੈ। ਇਸ ਲਈ ਸਦਾ ਗੁਰਬਾਣੀ ਦਾ ਗਾਇਨ ਅਤੇ ਵੀਚਾਰ ਜਾਗਰੂਕਾਂ ਰਾਹੀਂ ਕਰਦੇ ਰਹਿਣਾ ਚਾਹੀਦਾ ਹੈ।

GPCT Home of Humanity

| ਸ਼ਬਦ-੧੦ | ਸੂਹੀ, ਮਹਲਾ ੫॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੭੪੨ |
|---|---|---|

ਦਰਸਨੁ ਦੇਖਿ, ਜੀਵਾ ਗੁਰ! ਤੇਰਾ ॥
ਪੂਰਨ ਕਰਮੁ ਹੋਇ, ਪ੍ਰਭ! ਮੇਰਾ ॥੧॥
ਇਹ ਬੇਨੰਤੀ, ਸੁਣਿ ਪ੍ਰਭ! ਮੇਰੇ ॥
ਦੇਹਿ ਨਾਮੁ, ਕਰਿ ਅਪਣੇ ਚੇਰੇ ॥੧॥ ਰਹਾਉ ॥
ਅਪਣੀ ਸਰਣਿ, ਰਾਖੁ, ਪ੍ਰਭ ਦਾਤੇ ॥
ਗੁਰ ਪ੍ਰਸਾਦਿ, ਕਿਨੈ ਵਿਰਲੈ ਜਾਤੇ ॥੨॥
ਸੁਨਹੁ ਬਿਨਉ, ਪ੍ਰਭ! ਮੇਰੇ ਮੀਤਾ ॥
ਚਰਣ ਕਮਲ, ਵਸਹਿ ਮੇਰੈ ਚੀਤਾ ॥੩॥
ਨਾਨਕੁ ਏਕ ਕਰੈ ਅਰਦਾਸਿ ॥
ਵਿਸਰੁ ਨਾਹੀ, ਪੂਰਨ ਗੁਣਤਾਸਿ ॥੪॥੧੮॥੨੪॥

ਉਚਾਰਨ ਸੇਧਾਂ : ਦਰਸ਼ਨ, ਜੀਵਾਂ, ਕਿਨ੍ਹੈ, ਸ਼ਰਣ, ਵਸਹਿਂ ਅਤੇ ਨਾਹੀਂ

ਭਾਵ ਅਰਥ : ਹੇ ਗੁਰੁ (ਵੱਡੇ) ਪਰਮੇਸ਼ਰ ਜੀ! ਮੈਂ ਤੇਰਾ ਦਰਸ਼ਨ (ਸ਼ਕਤੀ) ਵੇਖ-ਵੇਖ ਕੇ ਆਤਮਕ ਜੀਵਨ ਜਿਉਂਦਾ ਹਾਂ। (ਇਸੇ ਤਰ੍ਹਾਂ ਹੀ) ਮੇਰੇ 'ਤੇ ਇਹ ਪੂਰਨ ਫ਼ਜ਼ਲ (ਬਖ਼ਸ਼ਿਸ਼) ਬਣਿਆ ਰਹੇ ॥੧॥
ਹੇ ਮੇਰੇ ਮਾਲਕ! ਮੇਰੀ ਇਹ ਬੇਨਤੀ ਕਬੂਲ ਕਰ ਕਿ ਆਪਣਾ ਦਾਸ ਬਣਾ ਕੇ ਇਹ ਨਾਮ (ਬਖ਼ਸ਼ਿਸ਼) ਕਰੀ ਰੱਖੀਂ ॥੧॥ਰਹਾਉ॥
ਹੇ ਦਾਤਾਂ ਬਬਖ਼ਸ਼ਣ ਵਾਲੇ ਮਾਲਕ! ਮੈਨੂੰ ਆਪਣੀ ਸ਼ਰਣ ਵਿੱਚ ਰੱਖ। ਗੁਰੂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਹੀ ਤੇਰੀ ਯਾਦ ਨਾਲ ਸਾਂਝ ਪਾਈ ਹੈ। (ਇਸ ਲਈ ਮੈਨੂੰ ਸੱਚਾ ਗੁਰੂ ਮਿਲਾ) ॥੨॥
ਹੇ ਮੇਰੇ ਪਿਆਰੇ ਮਿੱਤਰ ਪ੍ਰਭੂ! ਮੇਰੀ ਬੇਨਤੀ ਮਨਜ਼ੂਰ ਕਰ ਕਿ ਤੇਰੇ ਸੁੰਦਰ ਚਰਨ (ਗੁਣ) ਮੇਰੇ ਹਿਰਦੇ ਵਿੱਚ ਵਸਦੇ ਰਹਿਣ ॥੩॥
(ਤੇਰੇ ਅੱਗੇ ਨਾਨਕ ਕੇਵਲ ਬੇਨਤੀ ਹੀ ਕਰ ਸਕਦਾ ਹੈ ਕਿ ਹੇ ਪੂਰਨ ਗੁਣਾਂ ਦੇ ਖ਼ਜ਼ਾਨੇ ਪ੍ਰਭੂ! ਤੂੰ ਮੇਰੇ ਵਿਚਾਰਾਂ (ਮਨ) 'ਚੋਂ ਕਦੇ ਵੀ ਨ ਭੁੱਲੀ ॥੪॥
ਸਾਰੰਸ਼ ਤੇ ਸਿਧਾਂਤ : ਹਰੇਕ ਗੁਰਸਿੱਖ ਪ੍ਰੇਮੀ ਦੇ ਮਨ ਵਿੱਚ ਪ੍ਰਭੂ ਦੇ ਮਿਲਾਪ ਦੀ ਲਾਲਸਾ ਦਾ ਪੈਦਾ ਹੋਣਾ ਸੁਭਾਵਿਕ ਹੈ। ਗੁਰੂ ਦੀ ਕਿਰਪਾ ਨਾਲ ਇਹ ਦਾਤ ਮਿਲਦੀ ਹੈ। ਪ੍ਰਭੂ ਦਾ ਮਿਲਾਪ ਹੀ ਮਨੁੱਖਾ ਜੀਨਵ ਦਾ ਅਸਲ ਮਨੋਰਥ ਹੈ। ਉਸ ਦਾ ਵਿਸਰ ਜਾਣਾ ਹੀ ਆਤਮਿਕ ਮੌਤ ਹੈ, ਮਨੁੱਖਾ ਜੀਵਨ ਦੀ ਹਾਰ ਹੈ।

| ਸ਼ਬਦ-੧੧ | ਟੋਡੀ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੭੧੩ |
|---|---|---|

ਸਤਿਗੁਰ ਆਇਓ ਸਰਣਿ ਤੁਹਾਰੀ ॥

ਮਿਲੈ ਸੁਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥

ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥

ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥

ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥

ਉਚਾਰਨ ਸੇਧਾਂ – ਸ਼ਰਣ, ਲਾਹ, ਸ਼ੋਭਾ, ਛੂਟਹਂ ਅਤੇ ਬਖ਼ਸ਼ਿੰਦ

ਭਾਵ ਅਰਥ :- ਹੇ ਸਤਿਗੁਰੂ ਜੀ! ਮੈਂ ਤੁਹਾਡੀ ਸ਼ਰਨ ਵਿੱਚ ਆਇਆ ਹਾਂ। ਮੇਰੀ ਚਿੰਤਾ ਲਾਹ ਕੇ ਮੈਨੂੰ ਆਪਣਾ ਨਾਮ ਬਖਸ਼ੋ ਕਿਉਂਕਿ ਨਾਮ ਹੀ ਮੇਰੇ ਲਈ ਪਰਮ ਸੁੱਖ (ਆਤਮਿਕ ਸ਼ਾਂਤੀ) ਤੇ ਸ਼ੋਭਾ (ਦੁਨਿਆਵੀ ਸਤਿਕਾਰ) ਹੈ॥ ੧ ॥ ਰਹਾਉ ॥

ਹੇ ਸਤਿਗੁਰੂ ਜੀ! ਮੈਨੂੰ ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜੀ ਓਟ ਨਹੀਂ ਸੁੱਝਦੀ ਹੈ। ਮੈਂ ਹਾਰ (ਬਾਕੀ ਆਸਰੇ ਛੱਡ) ਕੇ ਤੁਹਾਡੇ ਦੁਆਰੇ ਤੇ ਆ ਡਿਗਿਆ ਹਾਂ। ਸਾਡੇ ਪਿਛਲੇ ਮੰਦੇ ਕਰਮਾਂ ਵਾਲਾ ਹਿਸਾਬ (ਸਾਡੀਆਂ ਪਿਛਲੀਆਂ ਭੁੱਲਾਂ, ਗ਼ਲਤੀਆਂ), ਆਪ ਜੀ ਨੇ ਯਾਦ ਨਾ ਕਰਨੀਆਂ, ਤਾਂ ਹੀ ਅਸੀਂ ਆਪ ਜੀ ਦੇ ਦਰ 'ਤੇ ਸਤਿਕਾਰ ਪਾ ਸਕਦੇ ਹਾਂ (ਭਾਵ ਸਾਡੀਆਂ ਕਮਜ਼ੋਰੀਆਂ ਅਣਗਿਣਤ ਹਨ, ਜਿਨ੍ਹਾਂ ਰਾਹੀਂ ਅਸੀਂ ਸਤਿਕਾਰ ਪਾਉਣ ਯੋਗ ਨਹੀਂ। ਇਸ ਲਈ) ਸਾਨੂੰ ਗੁਣਹੀਣ ਜੀਵਾਂ ਨੂੰ ਬਚਾ ਲਵੋ ॥ ੧ ॥

ਹੇ ਗੁਰੂ ਜੀ! ਆਪ ਸਦਾ ਬਖਸ਼ਣ ਵਾਲੇ ਹੋ, ਮਿਹਰ ਕਰਨ ਵਾਲੇ ਹੋ ਅਤੇ ਸਾਰੇ ਜੀਵਾਂ ਨੂੰ ਆਸਰਾ ਦੇਣ ਵਾਲੇ ਹੋ। ਇਸ ਲਈ ਹੇ ਨਾਨਕ ਦਾਸ! ਆਖ, ਕਿ ਹੇ ਸੰਤ (ਗੁਰੂ) ਜੀ! ਮੈਂ ਤੇਰੇ ਪਿੱਛੇ ਲੱਗਾ ਹਾਂ, ਇਸ ਜਨਮ ਵਿੱਚ ਵਿਕਾਰਾਂ ਤੋਂ ਬਚਾ ਲਉ ॥ ੨ ॥

ਸਾਰੰਸ਼ ਅਤੇ ਸਿਧਾਂਤ:- ਦੁਨਿਆਵੀ ਅਤੇ ਅਧਿਆਤਮਕ ਸਾਰੇ ਸੁੱਖਾਂ ਦੇ ਦਾਤੇ ਸਤਿਗੁਰੂ ਜੀ ਹੀ ਹਨ, ਗੁਰੂ ਹੀ ਅਭੁੱਲ ਹੈ । ਜੀਵ ਗ਼ਲਤੀਆਂ ਦਾ ਪੁਤਲਤ ਹੈ। ਇਸ ਲਈ ਗੁਰੂ ਜੀ ਦੀ ਸ਼ਰਣੀ ਪੈ ਕੇ ਆਪਣੀਆਂ ਭੁੱਲਾਂ ਬਖ਼ਸ਼ਾਉਣਾ ਹੀ ਸਿੱਖ ਦਾ ਸਭ ਤੋਂ ਪਹਿਲਾ ਸ੍ਰੇਸ਼ਟ ਕਰਮ ਹੈ।

| ਸ਼ਬਦ-੧੨ | ਸੋਰਠਿ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੬੨੯ |
|---|---|---|

ਹਰਿ, ਮਨਿ ਤਨਿ ਵਸਿਆ ਸੋਈ ॥ ਜੈ ਜੈ ਕਾਰੁ, ਕਰੇ ਸਭੁ ਕੋਈ ॥

ਗੁਰ ਪੂਰੇ ਕੀ ਵਡਿਆਈ ॥ ਤਾ ਕੀ ਕੀਮਤਿ, ਕਹੀ ਨ ਜਾਈ ॥੧॥

ਹਉ ਕੁਰਬਾਨੁ ਜਾਈ ਤੇਰੇ ਨਾਵੈ ॥

ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ! ਸੋ ਜਸੁ ਤੇਰਾ ਗਾਵੈ ॥੧॥ ਰਹਾਉ॥

ਤੂੰ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥

ਨਾਨਕ ! ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ, ਛਾਈ ॥੨॥

ਉਚਾਰਣ ਸੇਧਾਂ :- ਹਉਂ, ਕੁਰਬਾਨ ਜਾਈਂ, ਬਖਸ਼, ਲੈਹਿਂ ਅਤੇ ਸ਼ਰਣਾਈ

ਭਾਵ ਅਰਥ :- ਜਿਸ ਮਨੁੱਖ ਦੇ ਮਨ ਅਤੇ ਤਨ (ਭਾਵ ਕਥਨੀ ਅਤੇ ਕਰਨੀ) ਵਿੱਚ ਪ੍ਰਭੂ ਯਾਦ ਪ੍ਰਭਾਵ ਪਾਉਂਦੀ ਰਹਿੰਦੀ ਹੈ ਉਸ ਦੀ ਸਮਾਜ ਵਿੱਚ ਹਰ ਕੋਈ ਇੱਜ਼ਤ ਕਰਦਾ ਹੈ (ਕਿਉਂਕਿ ਉਹ ਹੰਕਾਰੀ ਬਿਰਤੀ ਅਨੁਸਾਰ ਗੱਲਬਾਤ ਨਹੀਂ ਕਰਦਾ ਹੈ ਪਰ ਇਹ ਅਵਸਥਾ) ਰੁਤਬਾ ਪੂਰੇ ਗੁਰੂ ਗਿਆਨ ਨਾਲ ਮਿਲਦਾ ਹੈ।ਜਿਸ ਦਾ ਮੁੱਲ (ਭੇਟਾ) ਦੁਨਿਆਵੀ ਪਦਾਰਥਾਂ ਨਾਲ ਨਹੀਂ ਪੈ ਸਕਦੀ ਕੰਚਨ ਸਿਉ ਪਾਈਐ, ਨਹੀ ਤੋਲਿ ॥ ਮਨੁ ਦੇ, ਰਾਮੁ ਲੀਆ ਹੈ ਮੋਲਿ ॥ ੧ ॥

ਹੇ ਮੇਰੇ ਪਿਆਰੇ ਪ੍ਰਭੂ! ਮੈਂ ਤੇਰੇ ਨਾਮ (ਗੁਣਾਂ) ਤੋਂ ਸਦਕੇ ਜਾਂਦਾ ਹਾਂ, ਤੂੰ ਜਿਸ ਮਨੁੱਖ ਉੱਤੇ ਬਖਸ਼ਸ਼ ਕਰਦਾ ਹੈਂ, ਉਹ ਸਦਾ ਤੇਰੀ ਸਿਫ਼ਤ ਸਾਲਾਹ ਕਰਦਾ ਹੈ ॥ ੧ ॥ ਰਹਾਉ ॥

ਹੇ ਪ੍ਰਭੂ! ਤੂੰ ਮੇਰਾ ਵੱਡਾ (ਗੁਣਾਂ ਭਰਪੂਰ) ਮਾਲਕ ਹੈਂ, ਤੇਰੇ ਪਿਆਰਿਆਂ ਨੂੰ ਤੇਰਾ ਹੀ (ਹਰ ਥਾਂ) ਸਹਾਰਾ ਰਹਿੰਦਾ ਹੈ। ਹੇ ਨਾਨਕ! ਆਖ ਕਿ ਜੋ ਤੇਰੇ ਨਾਲ ਗੁਣਾਂ ਕਰਕੇ ਜੁੜਿਆ ਰਹਿੰਦਾ ਹੈ ਉਸ ਭਗਤ ਨਾਲ ਈਰਖਾ ਕਰਨ ਵਾਲੇ (ਨਿੰਦਕ) ਨੂੰ ਸਮਾਜ ਵਿੱਚ ਸਤਿਕਾਰ ਨਹੀਂ ਮਿਲਦਾ ॥੨॥

ਸਾਰੰਸ਼ ਤੇ ਸਿਧਾਂਤ :-ਗੁਰੂ ਗਿਆਨ ਨੂੰ ਧਿਆਨ ਨਾਲ ਵਿਚਾਰਨਾ ਚਾਹੀਦਾ ਹੈ। ਅਜਿਹਾ ਕਰਨ ਵਾਲੇ ਮਨੁੱਖ ਦਾ ਜੀਵਨ ਇਤਨਾ ਉੱਚਾ ਹੋ ਜਾਂਦਾ ਹੈ ਕਿ ਸਾਰੇ ਉਸ ਦੀ ਇੱਜ਼ਤ ਕਰਦੇ ਹਨ। ਜੋ ਨਿੰਦਾ ਕਰਦਾ ਹੈ ਉਹ ਆਪਣੀ ਹੀ ਬੇਇਜ਼ਤੀ ਕਰਵਾਉਂਦਾ ਹੈ।

| ਸ਼ਬਦ-੧੩ | ਸੋਰਠਿ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੬੧੭ |
|---|---|---|

ਕਾਮ ਕ੍ਰੋਧ ਲੋਭ ਝੂਠ ਨਿੰਦਾ, ਇਨ ਤੇ ਆਪਿ ਛਡਾਵਹੁ ॥

ਇਹ ਭੀਤਰ ਤੇ ਇਨ ਕਉ ਡਾਰਹੁ, ਆਪਨ ਨਿਕਟਿ ਬੁਲਾਵਹੁ ॥੧॥

ਅਪੁਨੀ ਬਿਧਿ ਆਪਿ ਜਨਾਵਹੁ ॥

ਹਰਿ ਜਨ ਮੰਗਲ ਗਾਵਹੁ ॥੧॥ ਰਹਾਉ ॥

ਬਿਸਰੁ ਨਾਹੀ ਕਬਹੂ ਹੀਏ ਤੇ, ਇਹ ਬਿਧਿ ਮਨ ਮਹਿ ਪਾਵਹੁ ॥

ਗੁਰੁ ਪੂਰਾ ਭੇਟਿਓ ਵਡਭਾਗੀ, ਜਨ ਨਾਨਕ ! ਕਤਹਿ ਨ ਧਾਵਹੁ ॥੨॥

ਉਚਾਰਣ ਸੇਧਾਂ :- ਕਬਹੂੰ, ਮਹਿੰ ਅਤੇ ਵਡਭਾਗੀਂ

ਭਾਵ ਅਰਥ: - ਗੁਰੂ ਅਰਜੁਨ ਸਾਹਿਬ ਜੀ ਫ਼ੁਰਮਾ ਰਹੇ ਹਨ ਕਿ ਹੇ ਸੰਤ ਜਨੋ! ਹਰੀ ਜੀ ਅੱਗੇ ਇਉਂ ਬੇਨਤੀ ਕਰੋ ਕਿ ਹੇ ਪ੍ਰਭੂ ਜੀ! ਮਿਹਰ ਕਰਕੇ ਕਾਮ, ਕ੍ਰੋਧ, ਲੋਭ, ਝੂਠ, ਨਿੰਦਾ ਆਦਿਕ ਵਿਕਾਰਾਂ ਤੋਂ ਤੁਸੀਂ ਆਪ ਹੀ ਸਾਨੂੰ ਬਚਾ ਲਵੋ ਭਾਵ ਹਿਰਦੇ ਵਿੱਚੋਂ ਇਹਨਾਂ ਨੂੰ ਕੱਢ ਦਿਓ ਅਤੇ ਆਪਣੇ ਚਰਨਾਂ ਵਿੱਚ ਜੋੜੀ ਰੱਖੋ ॥ ੧ ॥

ਹੇ ਪ੍ਰਭੂ ਜੀ! ਅਜੇਹੀ ਯੁਕਤੀ (ਵਿਧੀ) ਆਪ ਜੀ ਬਖ਼ਸ਼ੋ ਕਿ ਤੇਰੇ ਦਾਸਾਂ ਦੀ ਸੰਗਤ ਨਾਲ ਮਿਲ ਕੇ ਤੇਰੀ ਸਿਫ਼ਤ ਸਾਲਾਹ ਦੇ ਗੀਤ ਗਾ ਸਕੀਏ ॥ ੧ ॥ ਰਹਾਉ ॥

ਹੇ ਪ੍ਰਭੂ! ਸਾਡੇ ਹਿਰਦੇ ਵਿੱਚੋਂ ਤੇਰੀ ਯਾਦ ਕਦੇ ਵੀ ਨਾ ਭੁੱਲੇ। ਇਹੋ ਜਿਹੀ ਜੀਵਨ-ਜਾਚ ਸਾਡੇ ਮਨ ਵਿੱਚ ਪਾ ਦਿਓ। ਹੇ ਨਾਨਕ ਦਾਸ! ਆਖ, ਕਿ ਹੇ ਸੰਤ ਜਨੋ! ਵੱਡੇ ਭਾਗਾਂ ਨਾਲ ਤੁਹਾਨੂੰ ਪੂਰਾ ਗੁਰੂ (ਗਿਆਨ) ਮਿਲ ਗਿਆ ਹੈ, ਹੁਣ ਤੁਸੀਂ ਹੋਰ ਕਿਸੇ ਪਾਸੇ (ਦਰ-ਦਰ 'ਤੇ) ਨਾ ਭੱਟਕਿਓ (ਦੌੜਿਓ) ॥ ੨ ॥

Home of Humanity GPCT

ਸਾਰੰਸ਼ ਤੇ ਸਿਧਾਂਤ:- ਪ੍ਰਭੂ ਅੱਗੇ ਕਾਮ, ਕ੍ਰੋਧ ਆਦਿ ਦੂਤਾਂ ਤੋਂ ਛੁਟਕਾਰਾ ਪਾਉਣ ਲਈ ਅਰਦਾਸ ਕਰਨੀ ਚਾਹੀਦੀ ਹੈ ਅਤੇ "ਅਪਨੀ ਬਿਧਿ ਆਪਿ ਜਨਾਵਹੁ" ਦੀ ਬੇਨਤੀ ਕਰਕੇ ਜੀਵਨ ਜੁਗਤੀ ਦੀ ਜਾਣਕਾਰੀ ਲਈ ਜਾ ਰਹੀ ਹੈ। ਪੰਜਾਂ ਵਿਕਾਰਾਂ ਨੂੰ ਮਾਰਨ ਵਾਲਾ ਕੋਈ ਵਿਰਲਾ ਬਲਵਾਨ ਪੁਰਸ਼ ਨਿਤਰਦਾ ਹੈ ਜਿਸ ਦੀ ਪਿੱਠ ਉਤੇ ਗੁਰੂ ਥਾਪੀ ਆਪ ਦਿੰਦਾ ਹੈ।

| ਸ਼ਬਦ-੧੪ | ੧ੴ ਸਤਿ ਗੁਰ ਪ੍ਰਸਾਦਿ ॥<br>ਧਨਾਸਰੀ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੬੭੭ |
|---|---|---|

ਘਰਿ ਬਾਹਰਿ ਤੇਰਾ ਭਰਵਾਸਾ, ਤੂ ਜਨ ਕੈ ਹੈ ਸੰਗਿ ॥
ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ ! ਨਾਮੁ ਜਪਉ ਹਰਿ ਰੰਗਿ ॥ ੧ ॥
ਜਨ ਕਉ, ਪ੍ਰਭ ਅਪਨੇ ਕਾ ਤਾਣੁ ॥
ਜੋ ਤੂ ਕਰਹਿ ਕਰਾਵਹਿ ਸੁਆਮੀ ! ਸਾ ਮਸਲਤਿ ਪਰਵਾਣੁ ॥ ਰਹਾਉ ॥
ਪਤਿ ਪਰਮੇਸਰੁ ਗਤਿ ਨਾਰਾਇਣੁ, ਧਨੁ ਗੁਪਾਲ ਗੁਣ ਸਾਖੀ ॥
ਚਰਨ ਸਰਨ ਨਾਨਕ ਦਾਸ ਹਰਿ,
ਹਰਿ ਸੰਤੀ ਇਹ ਬਿਧਿ ਜਾਤੀ ॥ ੨ ॥ ੧ ॥ ੨੫ ॥

ਉਚਾਰਣ ਸੇਧਾਂ :- ਤੂੰ, ਹੈਂ, ਜਪਉਂ, ਕਰਹਿਂ, ਕਰਾਵਹਿਂ, ਪਰਮੇਸ਼ਰ, ਸ਼ਰਨ ਅਤੇ ਸੰਤੀਂ

ਭਾਵ ਅਰਥ:-ਹੇ ਮੇਰੇ ਪਿਆਰੇ ਪ੍ਰਭੂ! ਮੈਂ ਤੇਰਾ ਸੇਵਕ ਹਾਂ, ਮੈਨੂੰ ਘਰ (ਆਤਮਕ ਜੀਵਨ) ਅਤੇ ਬਾਹਰ (ਸੰਸਾਰੀ ਜੀਵਨ) ਭਾਵ ਹਰ ਥਾਂ 'ਤੇ ਤੇਰਾ ਹੀ ਆਸਰਾ ਹੈ। ਕਿਉਂਕਿ ਤੂੰ ਸਦਾ ਮੇਰੇ ਨਾਲ ਹੈਂ। ਤੂੰ ਸਦਾ ਮਿਹਰ ਕਰਦਾ ਰਹਿ, ਤਾਂ ਕਿ ਮੈਂ ਤੇਰੇ ਪਿਆਰ ਵਿੱਚ ਟਿਕ, ਰੰਗੀਜ ਕੇ ਤੇਰਾ ਨਾਮ ਜਪਦਾ ਰਹਾਂ ਭਾਵ ਤੇਰੀ ਯਾਦ ਵਿੱਚ ਜੁੜਿਆ ਰਹਾਂ ॥ ੧ ॥

ਹੇ ਮੇਰੇ ਮਾਲਕਾ! ਸੇਵਕ ਨੂੰ ਆਪਣੇ ਮਾਲਕ ਪ੍ਰੀਤਮ ਦਾ ਹੀ ਆਸਰਾ ਹੁੰਦਾ ਹੈ। ਜੋ ਤੂੰ ਕਰਦਾ ਹੈਂ ਜਾਂ (ਕੁਦਰਤ ਰਾਹੀਂ) ਕਰਵਾਉਂਦਾ ਹੈਂ, ਮੈਨੂੰ, ਤੇਰੀ ਉਹੀ ਰਜ਼ਾ (ਅਨੁਸ਼ਾਸਨ) ਮਨਜ਼ੂਰ ਹੈ ॥ ਰਹਾਉ ॥

ਸੇਵਕ ਲਈ ਇੱਜ਼ਤ, ਮੁਕਤੀ ਅਤੇ ਉੱਚੀ ਨਿਰਮਲ ਅਵਸਥਾ ਦਾ ਰੁਤਬਾ ਪਰਮੇਸ਼ਰ ਹੀ ਹੈ। ਪ੍ਰਿਥਵੀ ਦੇ ਜੀਵਾਂ ਨੂੰ ਪਾਲਣਹਾਰ ਰੱਬ ਦੇ ਗੁਣ ਅਤੇ ਉਸ ਦੀਆਂ ਸਿਖਿਆਵਾਂ ਗਾਉਂਦੇ ਰਹਿਣਾ ਹੀ ਭਗਤਾਂ ਲਈ ਧਨ-ਦੌਲਤ, ਜਾਇਦਾਦ ਆਦਿ ਸੰਪਤੀ ਹੈ। ਹੇ ਨਾਨਕ! ਆਖ, ਕਿ ਪ੍ਰਭੂ ਦੇ ਭਗਤ ਸਦਾ ਉਸ ਦੇ ਚਰਨਾਂ (ਗੁਣਾਂ) ਦੀ ਸ਼ਰਣ ਵਿੱਚ ਪਏ ਰਹਿੰਦੇ ਹਨ।(ਭਾਵ ਉਸ ਦੇ ਗੁਣ ਯਾਦ ਕਰਦੇ ਰਹਿੰਦੇ ਹਨ) ਸੰਤ ਜਨਾ (ਜਗਿਆਸੂਆਂ) ਨੇ ਇਸੇ ਨੂੰ ਹੀ ਮਨੁੱਖਾ ਜੀਵਨ ਦੀ ਸ੍ਰੇਸ਼ਟ ਜੁਗਤੀ ਸਮਝਿਆ ਹੈ॥੨॥

ਸਾਰੰਸ਼ ਤੇ ਸਿਧਾਂਤ:- ਗੁਰ-ਪਰਮੇਸ਼ਰ ਦੀ ਭਗਤੀ ਕਰਨ ਵਾਲਿਆਂ ਭਾਵ ਹਰ ਥਾਂ ਪਰਮੇਸ਼ਰ ਦੀ ਪਹਿਚਾਣ ਕਰਨ ਵਾਲਿਆਂ ਨੂੰ ਕੋਈ ਡਰ-ਸਹਿਮ ਨਹੀਂ ਰਹਿੰਦਾ। ਹਰ ਥਾਂ ਉਹ ਭਗਤ ਜਨ ਪਰਮੇਸ਼ਰ ਦੇ ਭਰੋਸੇ ਵਿੱਚ ਰਹਿੰਦੇ ਹਨ ਤੇ ਪਰਮੇਸ਼ਰ ਦੀ ਯਾਦ ਦੀ ਪੂੰਜੀ ਸਦਕਾ ਉਨ੍ਹਾਂ ਦਾ ਜੀਵਨ ਸੁਚੱਜਾ ਬਤੀਤ ਹੁੰਦਾ ਹੈ।

| ਸ਼ਬਦ-੧੫ | ਆਸਾ ॥ (ਕਬੀਰ ਜੀ) | ਸ੍ਰੀ.ਗੁ.ਗ੍ਰੰ.ਸਾ.-ਪੰਨਾ ੪੮੪ |
|---|---|---|

ਅੰਤਰਿ ਮੈਲੁ, ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ ॥

ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮੁ ਅਯਾਨਾ ॥ ੧ ॥

ਪੂਜਹੁ ਰਾਮੁ, ਏਕੁ ਹੀ ਦੇਵਾ ॥

ਸਾਚਾ ਨਾਵਣੁ, ਗੁਰ ਕੀ ਸੇਵਾ ॥ ੧ ॥ ਰਹਾਉ ॥

ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥

ਜੈਸੇ ਮੇਂਡੁਕ, ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ ॥ ੨ ॥

ਮਨਹੁ ਕਠੋਰੁ, ਮਰੈ ਬਾਨਾਰਸਿ, ਨਰਕੁ ਨ ਬਾਂਚਿਆ ਜਾਈ ॥

ਹਰਿ ਕਾ ਸੰਤੁ, ਮਰੈ ਹਾੜੰਬੈ, ਤ ਸਗਲੀ ਸੈਨ ਤਰਾਈ ॥ ੩ ॥

ਦਿਨਸੁ ਨ ਰੈਨਿ, ਬੇਦੁ ਨਹੀ ਸਾਸਤ੍ਰ, ਤਹਾ ਬਸੈ ਨਿਰੰਕਾਰਾ ॥

ਕਹਿ ਕਬੀਰ, ਨਰ! ਤਿਸਹਿ ਧਿਆਵਹੁ, ਬਾਵਰਿਆ ਸੰਸਾਰਾ॥੪॥੪॥੩੭॥

ਉਚਾਰਣ ਸੇਧਾਂ:- ਨ੍ਹਾਵੈ, ਨਾਹੀਂ, ਨ੍ਹਾਵਹਿਂ, ਆਵਹਿਂ, ਨਹੀਂ, ਸ਼ਾਸਤ੍ਰ, ਤਹਾਂ

ਭਾਵ ਅਰਥ :- (ਸਤਿਗੁਰੂ ਜੀ ਦੀ ਸ਼ਰਨ ਪੈਣ ਤੋਂ ਬਿਨਾਂ) ਜੇ ਕੋਈ ਮਨ ਅੰਦਰ ਪਾਪ, ਵਿਸ਼ੇ-ਵਿਕਾਰਾਂ ਆਦਿ ਔਗੁਣਾਂ ਦੀ ਮੈਲ ਨੂੰ ਉਤਾਰਨ ਲਈ ਤੀਰਥਾਂ ਉੱਤੇ ਇਸ਼ਨਾਨ ਕਰਦਾ ਫਿਰੇ, ਇਸ ਤਰ੍ਹਾਂ ਉਸ ਨੇ ਸਵਰਗ (ਆਤਮਕ ਅਨੰਦ, ਵਿਸਮਾਦ) ਵਿੱਚ ਨਹੀਂ ਪਹੁੰਚ ਜਾਣਾ।(ਕੇਵਲ ਲੋਕਾਂ ਅੱਗੇ ਧਰਮੀ ਹੋਣ ਦਾ ਵਿਖਾਵਾ ਜ਼ਰੂਰ ਕਰ ਸਕਦਾ ਹੈ, ਪਰ) ਲੋਕਾਂ ਨੂੰ ਪ੍ਰਸੰਨ ਕਰਨ ਨਾਲ ਜੀਵਨ ਦਾ ਸੁਧਾਰ ਕੁਝ ਨਹੀਂ ਹੋਣਾ ਕਿਉਂਕਿ ਪਰਮੇਸ਼ਰ ਕੋਈ ਨਿਆਣਾ (ਨਾ ਸਮਝ) ਨਹੀਂ, ਜਿਹੜਾ ਕਿ (ਅੰਦਰੂਨੀ ਬਦਲਾਵ ਤੋਂ ਬਿਨਾਂ) ਅਜਿਹੇ ਕਰਮ ਕਾਂਡਾਂ (ਨਿਹਫ਼ਲ ਕਰਮਾਂ) ਨੂੰ ਵੇਖ ਕੇ ਖੁਸ਼ ਹੋ ਜਾਵੇਗਾ ॥ ੧ ॥

ਹੇ ਭਾਈ! ਗੁਰੂ ਜੀ ਦੁਆਰਾ ਸਮਝਾਈ ਹੋਈ ਸੇਵਾ-ਭਗਤੀ ਰਾਹੀਂ ਇੱਕ ਪ੍ਰਕਾਸ਼ਮਾਨ (ਨਿਰਮਲ) ਅਤੇ ਸਰਬ ਵਿਆਪਕ ਰਾਮ (ਪਰਮੇਸ਼ਰ) ਨੂੰ ਹੀ ਪੂਜੋ। (ਭਾਵ ਬਾਹਰਲੇ ਤੀਰਥ ਇਸ਼ਨਾਨ ਰਾਹੀਂ ਲੋਕਾਂ ਨੂੰ ਪ੍ਰਭਾਵਤ ਕਰਨ ਦੀ ਬਜਾਏ ਆਪ ਉਸ ਪ੍ਰਭੂ ਤੋਂ ਪ੍ਰਭਾਵਤ ਹੋਵੋ।) ਇਹੀ ਅਸਲ (ਆਤਮਿਕ ਪਵਿੱਤ੍ਰਤਾ ਲਈ ਸੱਚਾ) ਤੀਰਥ ਇਸ਼ਨਾਨ ਹੈ ॥ ਰਹਾਉ ॥

(ਉਕਤ ਬਿਧੀ ਤੋਂ ਬਿਨਾਂ ਜੇਕਰ) ਜਲ ਦੇ ਇਸ਼ਨਾਨ ਨਾਲ ਹੀ ਮੁਕਤੀ ਮਿਲਦੀ ਹੁੰਦੀ ਤਾਂ ਡੱਡੂ ਰੋਜ਼ਾਨਾ ਪਾਣੀ ਵਿੱਚ ਨਹਾਉਂਦੇ ਹਨ।(ਪਰ ਅੰਦਰੂਨੀ ਸ਼ੁੱਧਤਾ, ਨਰਮ ਦਿਲੀ ਨਾ ਹੋਣ ਦੇ ਕਾਰਨ ਇਤਨਾ ਨਹਾਉਣ ਦੇ ਬਾਵਜੂਦ ਵੀ) ਡੱਡੂ ਬਿਰਤੀ ਇਨਸਾਨ, ਇਨ੍ਹਾਂ ਜੀਵ-ਜੰਤ ਦੀਆਂ ਜੂਨਾਂ ਵਿੱਚ ਹੀ ਜੰਮਦੇ-ਮਰਦੇ ਰਹਿੰਦੇ ਹਨ। ਡੱਡੂਆਂ ਵਰਗੇ ਹੀ ਉਹਨਾਂ ਮਨੁੱਖਾਂ ਨੂੰ ਮੰਨੋ, (ਜੋ ਕੇਵਲ ਤੀਰਥ ਇਸ਼ਨਾਨਾਂ ਤੱਕ ਹੀ ਸੀਮਤ ਰਹਿੰਦੇ ਹਨ ਅਤੇ ਆਪਣਾ ਸੁਭਾਅ ਨਹੀਂ ਬਦਲਦੇ, ਅੰਦਰੋਂ ਰੁੱਖੇ ਹੀ ਰਹਿੰਦੇ ਹਨ।) ॥ ੨ ॥

ਜੇ ਕੋਈ ਮਨੁੱਖ ਮਨ ਦਾ ਕਠੋਰ ਹੋਵੇ ਬੇਸ਼ੱਕ ਬਨਾਰਸ (ਸ਼ਿਵ ਜੀ ਦੇ ਵਰ ਰਾਹੀਂ ਮੰਨੀ ਜਾਂਦੀ ਸਵਰਗ ਨਗਰੀ) ਵਿੱਚ ਮਰੇ ਤਾਂ ਵੀ ਉਹ ਨਰਕ ਤੋਂ ਨਹੀਂ ਬਚ ਸਕਦਾ ਪਰ ਰੱਬ ਦਾ ਭਗਤ ਜੇ ਮਗਹਰ (ਹਾੜੰਬਾ, ਯੂ.ਪੀ. ਦਾ ਸ਼ਹਿਰ, ਗਣੇਸ਼ ਜੀ ਵਲੋਂ ਸਰਾਪੀ ਹੋਈ ਨਗਰੀ) ਵਿੱਚ ਵੀ ਮਰੇ ਤਾਂ ਭੀ ਸਾਰੇ ਸੰਗੀ-ਸਾਥੀਆਂ ਨੂੰ ਤਾਰ ਲੈਂਦਾ ਹੈ। (ਬ੍ਰਾਹਮਣੀ ਮਤ ਅਨੁਸਾਰ ਇਹ ਮਨੌਤ ਹੈ ਕਿ ਪਵਿੱਤਰ ਸ਼ਹਿਰ ਬਨਾਰਸ ਵਿੱਚ ਮਰਨ ਨਾਲ ਸਵਰਗ ਅਤੇ ਅਪਵਿੱਤਰ ਸ਼ਹਿਰ ਮਗਹਰ ਵਿੱਚ ਮਰਨ ਨਾਲ ਨਰਕ ਮਿਲਦਾ ਹੈ) ॥ ੩ ॥

(ਜਿਸ ਨਿਰਮਲ ਅਵਸਥਾ ਉੱਤੇ) ਦਿਨ-ਰਾਤ (ਭਾਵ ਸਮੇਂ ਦਾ) ਅਤੇ ਵੇਦਾਂ-ਸ਼ਾਸ਼ਤਰਾਂ ਦੇ ਦੱਸੇ ਕਰਮਕਾਂਡ ਦਾ ਪ੍ਰਭਾਵ ਨਹੀਂ ਪੈਂਦਾ, ਉੱਥੇ ਆਕਾਰ (ਸੀਮਾ) ਰਹਿਤ ਪਰਮੇਸ਼ਰ ਦਾ ਵਾਸਾ, ਆਸਣ, ਟਿਕਾਣਾ ਹੈ। ਕਬੀਰ ਜੀ ਸਮਝਾਉਂਦੇ ਹਨ ਕਿ ਹੇ ਕਮਲੇ ਹੋਏ (ਦੁਨਿਆਵੀ ਸੋਚ ਤੱਕ ਹੀ ਸੀਮਤ) ਸੰਸਾਰ ਦੇ ਲੋਕੋ! ਉਸ ਨਿਰੰਕਾਰ ਨੂੰ ਹੀ ਯਾਦ ਕਰੋ।(ਕਰਮ-ਕਾਂਡੀ ਜੀਵਨ ਪ੍ਰਭੂ ਦੀ ਭਗਤੀ ਨਹੀਂ) ॥ ੪ ॥

ਸਾਰੰਸ਼ ਤੇ ਸਿਧਾਂਤ :- ਤੀਰਥ ਇਸ਼ਨਾਨ ਆਦਿ ਲੋਕ ਵਿਖਾਵੇ ਵਾਲੇ ਕਰਮ ਕਰਕੇ ਲੋਕਾਂ ਨੂੰ ਤਾਂ ਖੁਸ਼ ਕੀਤਾ ਜਾ ਸਕਦਾ ਹੈ ਪਰ ਪਰਮੇਸ਼ਰ ਨੂੰ ਨਹੀਂ। ਬਾਹਰਲੇ ਇਸ਼ਨਾਨ ਤਾਂ ਪਾਣੀ ਵਿੱਚ ਰਹਿਣ ਵਾਲੇ ਸਾਰੇ ਜੀਵ-ਜੰਤ ਕਰਦੇ ਹਨ ਤਾਂ ਉਹ ਸਾਰੇ ਹੀ ਮੁਕਤ ਕਿਉਂ ਨਹੀਂ ਹੋਏ? ਸਾਡੇ ਲਈ ਗੁਰ ਸਿਖਿਆ ਹੈ ਕਿ:-ਅੰਤਰਗਤਿ ਤੀਰਥਿ, ਮਲਿ ਨਾਉ ॥ ਭਾਵ ਪ੍ਰਭੂ ਜੀ ਦੀ ਸਿਫ਼ਤ-ਸਾਲਾਹ ਕਰਦੇ ਹੋਇਆਂ ਆਪਣੇ ਅੰਦਰੋਂ ਕਠੋਰਤਾ ਅਤੇ ਹੰਕਾਰ ਖ਼ਤਮ ਕਰਕੇ ਨਿਮਰਤਾ ਭਾਵ ਲੈ ਆਉਣਾ ਹੈ।

| ਸ਼ਬਦ-੧੯ | ਧਨਾਸਰੀ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੬੮੨ |
|---|---|---|

ਅਉਖੀ ਘੜੀ ਨ ਦੇਖਣ ਦੇਈ, ਅਪਨਾ ਬਿਰਦੁ ਸਮਾਲੇ ॥

ਹਾਥ ਦੇਇ ਰਾਖੈ ਅਪਨੇ ਕਉ, ਸਾਸਿ ਸਾਸਿ ਪ੍ਰਤਿਪਾਲੇ ॥ ੧ ॥

ਪ੍ਰਭ ਸਿਉ ਲਾਗਿ ਰਹਿਓ, ਮੇਰਾ ਚੀਤੁ ॥

ਆਦਿ ਅੰਤਿ ਪ੍ਰਭੁ ਸਦਾ ਸਹਾਈ, ਧੰਨੁ ਹਮਾਰਾ ਮੀਤੁ ॥ ਰਹਾਉ ॥

ਮਨਿ ਬਿਲਾਸ, ਭਏ ਸਾਹਿਬ ਕੇ, ਅਚਰਜ ਦੇਖਿ ਬਡਾਈ ॥

ਹਰਿ ਸਿਮਰਿ ਸਿਮਰਿ, ਆਨਦ ਕਰਿ ਨਾਨਕ!

ਪ੍ਰਭਿ ਪੂਰਨ ਪੈਜ ਰਖਾਈ॥੨॥

ਉਚਾਰਨ ਸੇਧਾਂ:- ਸਮ੍ਹਾਲੇ, ਸਿਉਂ ਅਤੇ ਆਨੰਦ (ਨੋਟ:-ਦੇਈ ਸ਼ਬਦ 'ਬਿੰਦੇ' ਰਹਿਤ ਹੈ)

ਭਾਵ ਅਰਥ :- ਮਾਲਕ ਪ੍ਰਭੂ ਆਪਣੇ ਪਿਆਰੇ ਸੇਵਕਾਂ ਨੂੰ ਕਦੀ ਵੀ (ਆਪਣੀ ਯਾਦ ਤੋਂ ਭੁਲਾਉਣ ਵਾਲਾ) ਔਖਾ ਸਮਾਂ ਨਹੀਂ ਵੇਖਣ ਦਿੰਦਾ।ਆਪਣੇ ਭਗਤਾਂ ਪ੍ਰਤੀ ਪਿਆਰ ਭਾਵਨਾ ਨੂੰ ਹਮੇਸ਼ਾਂ ਯਾਦ ਰੱਖਦਾ ਹੈ। ਆਪਣਾ ਹੱਥ (ਨਿਡਰਤਾ) ਦੇ ਕੇ ਆਪਣੇ ਸੇਵਕ ਦੀ ਹਰ ਸਮੇਂ ਰਾਖੀ ਕਰਦਾ ਹੈ, ਸੰਭਾਲ ਕਰਦਾ ਹੈ ॥ ੧ ॥

(ਭਗਤ ਵੀ ਪ੍ਰਭੂ ਪ੍ਰਤੀ ਆਪਣੀ ਭਾਵਨਾ ਦਾ ਇਜ਼ਹਾਰ ਕਰਦਾ ਆਖਦਾ ਹੈ:) ਮੇਰਾ ਮਨ ਵਾਹਿਗੁਰੂ ਜੀ ਦੀ ਯਾਦ ਨਾਲ ਸਦਾ ਜੁੜਿਆ ਰਹਿੰਦਾ ਹੈ। ਸਾਡਾ ਮਿੱਤਰ ਪ੍ਰਭੂ ਧੰਨਤਾ ਯੋਗ ਹੈ, ਜੋ ਮੁੱਢ ਤੋਂ ਅੰਤ ਤੱਕ ਭਾਵ ਸਦਾ ਮਦਦਗਾਰ ਬਣਿਆ ਰਹਿਣ ਦਾ ਫ਼ਰਜ਼ ਨਿਭਾਉਂਦਾ ਹੈ ॥ ੧ ॥ ਰਹਾਉ ॥

ਪ੍ਰਭੂ ਦੀ ਕੁਦਰਤ ਵਿੱਚ ਹੈਰਾਨ ਕਰ ਦੇਣ ਵਾਲੇ ਕੌਤਕ ਅਤੇ ਰੱਬੀ ਵਡਿਆਈ (ਸ਼ਕਤੀ) ਵੇਖ ਕੇ ਸੇਵਕ ਦੇ ਮਨ ਵਿੱਚ ਸਦਾ ਖਿੜਾਉ ਬਣਿਆ ਰਹਿੰਦਾ ਹੈ। ਐਸੇ ਸੇਵਕ ਫਿਰ ਸਦਾ ਲਈ ਸਾਹਿਬ ਦੇ ਹੀ (ਦਾਸ) ਬਣ ਕੇ ਜੀਵਨ ਬਸਰ ਕਰਦੇ ਹਨ। ਹੇ ਨਾਨਕ! ਆਖ, ਭਗਤ ਪ੍ਰਭੂ ਨੂੰ ਯਾਦ ਕਰ-ਕਰ ਕੇ ਆਤਮਕ ਖ਼ੁਸ਼ੀ ਮਾਣਦਾ ਹੈ ਕਿਉਂਕਿ ਵਾਹਿਗੁਰੂ ਨੇ ਹਰ ਸਮੇਂ (ਭਗਤ ਦੀ) ਪੂਰਨ ਤੌਰ ਉੱਤੇ ਇੱਜ਼ਤ ਰੱਖ ਲਈ ਹੁੰਦੀ ਹੈ ॥ ੨ ॥

ਸਾਰੰਸ਼ ਤੇ ਸਿਧਾਂਤ:- ਸਦਾ ਹੀ ਰੱਬ ਜੀ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿਉਂਕਿ ਉਹ ਤਾਂ ਸਦਾ ਹੀ ਆਪਣੇ ਪਿਆਰ ਵਾਲੇ ਸੁਭਾਅ ਕਾਰਨ ਆਪਣੇ ਸੇਵਕਾਂ ਦਾ ਮਿੱਤਰ ਬਣਿਆ ਰਹਿੰਦਾ ਹੈ ਮੇਰੀ ਬਾਂਧੀ, ਭਗਤੁ ਛੁਡਾਵੈ, ਬਾਂਧੈ ਭਗਤੁ ਨ ਛੂਟੈ ਮੋਹਿ॥ਏਕ ਸਮੈ, ਮੋ ਕਉ ਗਹਿ ਬਾਂਧੈ, ਤਉ ਫੁਨਿ, ਮੋ ਪੈ ਜਬਾਬੁ ਨ ਹੋਇ॥ ਨਾਮਦੇਵ/੧੨੩੬॥ ਭਾਵ ਰੱਬ ਜੀ ਭਗਤ ਪ੍ਰਤੀ ਆਪਣੀ ਭਾਵਨਾ ਪ੍ਰਗਟ ਕਰਦੇ ਆਖਦੇ ਹਨ ਕਿ ਮੇਰੇ ਵੱਲੋਂ ਭਗਤ ਨੂੰ ਪਾਈ ਮਾਯਾ-ਮੋਹ ਦੀ ਗੰਢ, ਭਗਤ ਮੇਰੇ ਨਾਲ ਪ੍ਰੀਤ ਦੀ ਗੰਢ ਪਾ ਕੇ, ਖੋਲ੍ਹ ਲੈਂਦਾ ਹੈ ਪਰ ਭਗਤ ਜਦੋਂ ਪ੍ਰੀਤ ਰਾਹੀਂ ਮੈਨੂੰ ਬੰਨ੍ਹ ਲੈਂਦਾ ਹੈ ਤਾਂ ਮੈਂ ਆਪਣੇ ਆਪ ਨੂੰ ਭਗਤ ਤੋਂ ਛੁਡਵਾ ਨਹੀਂ ਸਕਦਾ ਕਿਉਂਕਿ ਉਸ ਦੀ ਮਜ਼ਬੂਤ ਪਕੜ ਅੱਗੇ ਮੇਰੇ ਪਾਸ ਜਬਾਬ ਨਹੀਂ ਹੁੰਦਾ।

| ਸ਼ਬਦ-੧੭ | ਵਡਹੰਸ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੫੬੨ |
|---|---|---|

ਧਨੁ ਸੁ ਵੇਲਾ, ਜਿਤੁ ਦਰਸਨੁ ਕਰਣਾ ॥

ਹਉ ਬਲਿਹਾਰੀ, ਸਤਿਗੁਰ ਚਰਣਾ ॥ ੧ ॥

ਜੀਅ ਕੇ ਦਾਤੇ ! ਪ੍ਰੀਤਮ ਪ੍ਰਭ ਮੇਰੇ ॥

ਮਨੁ ਜੀਵੈ, ਪ੍ਰਭ ਨਾਮੁ ਚਿਤੇਰੇ ॥ ੧ ॥ ਰਹਾਉ ॥

ਸਚੁ ਮੰਤ੍ਰੁ ਤੁਮਾਰਾ, ਅੰਮ੍ਰਿਤ ਬਾਣੀ ॥

ਸੀਤਲ, ਪੁਰਖ ਦ੍ਰਿਸਟਿ ਸੁਜਾਣੀ ॥ ੨ ॥

ਸਚੁ ਹੁਕਮੁ ਤੁਮਾਰਾ, ਤਖਤਿ ਨਿਵਾਸੀ ॥

ਆਇ ਨ ਜਾਵੈ, ਮੇਰਾ ਪ੍ਰਭੁ ਅਬਿਨਾਸੀ ॥ ੩ ॥

ਤੁਮ ਮਿਹਰਵਾਨ, ਦਾਸ ਹਮ ਦੀਨਾ ॥

ਨਾਨਕ ! ਸਾਹਿਬੁ ਭਰਪੁਰਿ ਲੀਣਾ ॥ ੪ ॥

ਉਚਾਰਣ ਸੇਧਾਂ:-ਧੰਨ, ਦਰਸ਼ਨ, ਹਉਂ, ਦ੍ਰਿਸ਼ਟ, ਤਖ਼ਤ ਅਤੇ ਅਬਿਨਾਂਸ਼ੀ

ਭਾਵ ਅਰਥ :- ਉਹ ਵੇਲਾ ਧੰਨਤਾ ਯੋਗ ਹੈ ਜਿਸ ਵੇਲੇ ਪ੍ਰਭੂ ਦਾ ਦਰਸ਼ਨ (ਗੁਣਾਂ ਨਾਲ ਸਾਂਝ) ਕਰੀਦਾ ਹੈ। ਮੈਂ ਆਪਣੇ ਗੁਰੂ ਦੇ ਚਰਨਾਂ (ਪ੍ਰਭਾਵ) ਤੋਂ ਸਦਕੇ ਹਾਂ ਜਿਸ ਦੀ ਕਿਰਪਾ ਨਾਲ ਪ੍ਰਭੂ ਦਾ ਦਰਸ਼ਨ ਹੁੰਦਾ ਹੈ ॥੧॥

ਹੇ ਜੀਅ (ਆਤਮਕ ਬਲ) ਦਾਨ ਦੇਣ ਵਾਲੇ ਮੇਰੇ ਪਿਆਰੇ ਪ੍ਰਭੂ ਜੀ! ਤੇਰਾ ਨਾਮ (ਵਡੱਪਣ) ਚੇਤੇ ਕਰਕੇ ਮੇਰਾ ਮਨ ਜੀਉਂਦਾ ਹੈ (ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤ ਹੁੰਦਾ ਹੈ) ॥ ੧ ॥ ਰਹਾਉ ॥

ਹੇ ਪ੍ਰਭੂ! ਤੇਰਾ ਮੰਤਰ (ਉਪਦੇਸ਼) ਅਟੱਲ ਹੈ ਅਤੇ ਤੇਰੀ ਸਿਫ਼ਤ ਸਲਾਹ ਭਰਪੂਰ ਬਾਣੀ ਅਮਰ ਕਰ ਦੇਣ ਵਾਲੀ ਹੈ। ਹੇ ਸ਼ਾਂਤੀ ਦੇ ਸਮੁੰਦਰ ਅਕਾਲ ਪੁਰਖ! ਤੇਰੀ ਦ੍ਰਿਸ਼ਟੀ ਬਿਬੇਕੀ (ਪਰਖ ਕਰਨ ਦੇ ਸਮਰੱਥ) ਹੈ ॥ ੨ ॥

Home of Humanity GPCT

ਹੇ ਪ੍ਰਭੂ! ਤੇਰਾ ਹੁਕਮ ਸਦੀਵੀ ਅਭੁੱਲ (ਕੁਤਾਹੀ ਰਹਿਤ) ਹੈ। ਜਿਸ ਹੁਕਮ ਨੂੰ ਤੂੰ ਆਪਣੇ ਸਦੀਵੀ ਸਥਿਰ ਤਖ਼ਤ ਉਤੇ ਬੈਠ ਕੇ ਲਾਗੂ ਕਰਵਾਉਂਦਾ ਹੈਂ ਕਿਉਂਕਿ ਤੂੰ ਜੰਮਦਾ-ਮਰਦਾ ਨਹੀਂ (ਭਾਵ ਸਦਾ ਨਾਸ਼ ਰਹਿਤ ਮਾਲਕ ਹੈਂ) ॥੩॥

ਹੇ ਪ੍ਰਭੂ! ਤੂੰ ਸਦਾ ਮਿਹਰ ਕਰਨ ਵਾਲਾ ਮਾਲਕ ਹੈਂ ਪਰ ਅਸੀਂ ਨਿਮਾਣੇ ਜਿਹੇ (ਕੁਝ ਦੇਣ ਦੀ ਸਮਰੱਥਾ ਨਾ ਰੱਖਣ ਵਾਲੇ) ਸੇਵਕ ਹਾਂ। ਹੇ ਨਾਨਕ! ਆਖ, ਕਿ ਹੇ ਪ੍ਰਭੂ! ਤੂੰ ਸਭ ਦਾ ਮਾਲਕ ਅਤੇ ਹਰ ਥਾਂ ਭਰਪੂਰ (ਭਾਵ ਇੱਕ ਰਸ ਵਿਆਪਕ) ਹੈਂ ॥ ੪ ॥

ਸਾਰੰਸ਼ ਤੇ ਸਿਧਾਂਤ :- ਇਸ ਸ਼ਬਦ ਵਿੱਚ ਜਾਗਰੂਕ ਜੀਵ ਵੱਲੋਂ ਪ੍ਰਭੂ ਜੀ ਦੇ ਦਰਸ਼ਨ (ਗੁਣ, ਸ਼ਕਤੀ) ਉੱਤੇ ਬਲਿਹਾਰ ਜਾਣ ਦੀ ਪ੍ਰੇਰਣਾ ਮਿਲਦੀ ਹੈ। ਗੁਰਬਾਣੀ ਦੇ ਪਿਆਰ ਵਿੱਚ ਰਹਿਣ ਵਾਲਾ ਜੀਵ ਪ੍ਰਭੂ ਦੇ ਦਰਸ਼ਨ (ਗੁਣਾਂ) ਤੋਂ ਪ੍ਰਭਾਵਤ ਹੋ ਕੇ ਆਤਮਕ ਬਲ ਪ੍ਰਾਪਤ ਕਰਦਾ ਹੈ।

GPCT
Home of Humanity

| ਸ਼ਬਦ-੧੮ | ਗਉੜੀ ਕੀ ਵਾਰ ਮਹਲਾ ੪ ॥<br>੧੧ਵੀਂ ਪਉੜੀ ਦਾ ਦੂਜਾ ਸਲੋਕ-ਮ: ੪ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ<br>੩੦੫/੩੦੬ |
|---|---|---|

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,

ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥

ਉਦਮੁ ਕਰੇ ਭਲਕੇ ਪਰਭਾਤੀ,

ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

ਉਪਦੇਸਿ ਗੁਰੂ, ਹਰਿ ਹਰਿ ਜਪੁ ਜਾਪੈ,

ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥

ਫਿਰਿ ਚੜੈ ਦਿਵਸੁ, ਗੁਰਬਾਣੀ ਗਾਵੈ,

ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥

ਜੋ ਸਾਸਿ ਗਿਰਾਸਿ, ਧਿਆਏ ਮੇਰਾ ਹਰਿ ਹਰਿ,

ਸੋ ਗੁਰਸਿਖੁ, ਗੁਰੂ ਮਨਿ ਭਾਵੈ ॥

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ,

ਤਿਸੁ ਗੁਰਸਿਖ, ਗੁਰੂ ਉਪਦੇਸੁ ਸੁਣਾਵੈ ॥

ਜਨੁ ਨਾਨਕੁ ਧੂੜਿ ਮੰਗੈ, ਤਿਸੁ ਗੁਰਸਿਖ ਕੀ,

ਜੋ ਆਪਿ ਜਪੈ, ਅਵਰਹ ਨਾਮੁ ਜਪਾਵੈ ॥

ਉਚਾਰਣ ਸੇਧਾਂ:-ਉੱਦਮ, ਇਸ਼ਨਾਨ, ਨ੍ਹਾਵੈ, ਉਪਦੇਸ਼, ਚੜ੍ਹੈ, ਬਹਦਿਆਂ, ਉਠਦਿਆਂ, ਅਤੇ ਅਵਰਹਂ

ਭਾਵ ਅਰਥ :- ਜੋ ਮਨੁੱਖ ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਉਂਦਾ ਹੈ। ਉਹ ਸਵੇਰੇ ਉੱਠ ਕੇ ਪ੍ਰਮਾਤਮਾ ਦੇ ਨਾਮ (ਵਡੱਪਣ) ਤੋਂ ਪ੍ਰਭਾਵਤ ਹੁੰਦਾ ਹੈ ਅਤੇ ਵਿਸਮਾਦ ਦਾ ਅਨੰਦ ਮਾਣਦਾ ਹੈ।

ਸੁਬਹ ਉੱਠਣ ਦਾ ਉੱਦਮ, ਤਰੋ-ਤਾਜ਼ਾ (ਆਲਸ ਰਹਿਤ) ਹੋਣ ਲਈ ਸਰੀਰਕ ਇਸ਼ਨਾਨ ਅਤੇ (ਮਨ ਦੀਆਂ ਵਾਸ਼ਨਾਵਾਂ ਮਾਰਨ ਲਈ) ਗੁਰੂ ਦੇ ਅੰਮ੍ਰਿਤਮਈ ਉਪਦੇਸ਼ ਦੇ ਸਰੋਵਰ ਵਿੱਚ ਇਸ਼ਨਾਨ ਕਰਦਾ ਹੈ।

ਇਉਂ ਗੁਰੂ ਦੇ ਉਪਦੇਸ਼ ਰਾਹੀਂ ਪ੍ਰਭੂ ਦੇ ਜਾਪ ਨੂੰ ਜਪਦਾ (ਭਾਵ ਰੱਬੀ ਨਿਰਮਲ ਭਉ ਵਿੱਚ ਜੀਵਨ ਗੁਜ਼ਾਰਦਾ) ਹੈ। ਜਿਸ ਕਾਰਨ ਮਨ ਵਿੱਚੋਂ ਔਗੁਣ, ਭੈੜਾ ਸੁਭਾਅ ਅਤੇ ਮਾੜੀਆਂ ਆਦਤਾਂ ਖ਼ਤਮ ਹੋ ਜਾਂਦੀਆਂ ਹਨ।

(ਅੰਮ੍ਰਿਤ ਵੇਲੇ ਪ੍ਰਭੂ ਜੀ ਤੋਂ ਸਦਕੇ ਜਾਣ ਤੋਂ ਬਾਅਦ) ਫਿਰ ਜਦੋਂ ਦਿਨ ਚੜ੍ਹਦਾ ਹੈ (ਭਾਵ ਸਾਰਾ ਹੀ ਦਿਨ) ਤਾਂ ਵੀ ਉਹ ਗੁਰ ਉਪਦੇਸ਼ ਨੂੰ ਚੇਤੇ ਰਖਦਾ ਹੈ। (ਕਾਰ-ਵਿਹਾਰ ਦੌਰਾਨ) ਉਠਦਿਆਂ ਤੇ ਬੈਠਦਿਆਂ ਪ੍ਰਭੂ ਦੇ ਨਾਮ (ਗੁਣਾਂ) ਨੂੰ ਯਾਦ ਰੱਖਦਾ ਹੈ। ਜੋ (ਇਸ ਤਰ੍ਹਾਂ) ਸਾਸ-ਗਿਰਾਸ ਭਾਵ ਹਰ ਸਮੇਂ ਪਿਆਰੇ ਰੱਬ ਨੂੰ ਸਿਮਰਦਾ ਹੈ, ਉਹੀ ਸਿੱਖ, ਗੁਰੂ ਜੀ ਨੂੰ ਚੰਗਾ ਲੱਗਦਾ ਹੈ। (ਪਰ ਇਹ ਰੁਤਬਾ ਪਾਉਣਾ ਜੀਵ ਦੇ ਆਪਣੇ ਵੱਸ ਵਿੱਚ ਨਹੀਂ) ਜਿਸ ਉੱਤੇ ਪਿਆਰਾ ਮਾਲਕ ਆਪ ਮਿਹਰਵਾਨ ਹੁੰਦਾ ਹੈ (ਭਾਵ ਮਨੁੱਖਾ ਜੂਨੀ ਬਖ਼ਸ਼ਦਾ ਹੈ) ਉਸ ਗੁਰਸਿੱਖ ਨੂੰ ਹੀ ਗੁਰੂ ਆਪਣੀ ਅੰਮ੍ਰਿਤਮਈ ਬਾਣੀ (ਸਿੱਖਿਆ) ਸੁਣਾਉਂਦਾ ਹੈ। ਦਾਸ ਨਾਨਕ ਉਸ ਗੁਰਸਿੱਖ ਦੀ ਚਰਨ-ਧੂੜ ਮੰਗਦਾ ਹੈ (ਭਾਵ ਨਿਮਰਤਾ ਨਾਲ ਸੰਗਤ ਮੰਗਦਾ ਹੈ) ਜੋ ਗੁਰਸਿੱਖ ਆਪ (ਇਉਂ) ਨਾਮ ਜਪਦਾ ਹੈ ਅਤੇ ਹੋਰਨਾਂ ਨੂੰ (ਇਉਂ) ਜਪਣ ਲਈ ਪ੍ਰੇਰਦਾ ਹੈ।

ਸਾਰੰਸ਼ ਤੇ ਸਿਧਾਂਤ :-ਇਸ ਸ਼ਬਦ ਵਿੱਚ ਗੁਰਸਿੱਖ ਦੀ ਨਿਤਾ ਪ੍ਰਤੀ ਕਿਰਿਆ ਕਰਨ ਦਾ ਵਰਨਣ ਹੈ। ਸਰੀਰਕ ਅਤੇ ਆਤਮਿਕ ਇਸ਼ਨਾਨ ਭਾਵ ਸਰੀਰ ਨੂੰ ਤਰੋ-ਤਾਜ਼ਾ ਕਰਨਾ ਅਤੇ ਗੁਰਬਾਣੀ ਰੂਪ ਅੰਮ੍ਰਿਤ ਦੇ ਸਰੋਵਰ ਵਿੱਚ ਇਸ਼ਨਾਨ ਕਰਨਾ ਹੈ। ਗੁਰਬਾਣੀ ਦੇ ਸਿਧਾਂਤ ਨੂੰ ਸੁਣ ਕੇ ਮਨ ਵਿੱਚ ਵਸਾਉਣਾ ਅਤੇ ਉਸ ਦਾ ਪ੍ਰਸਾਰ ਕਰਨ ਵਾਲਾ ਹੀ ਗੁਰਸਿੱਖ ਅਖਵਾਉਂਦਾ ਹੈ।

| ਸ਼ਬਦ-੧੯ | ਵਾਰਾਂ ਭਾਈ ਗੁਰਦਾਸ ਜੀ ।<br>੧੨ਵੀਂ ਵਾਰ ਦੀ ਚਉਥੀ ਪਉੜੀ । | ਵਾਰਾਂ ਭਾਈ ਗੁਰਦਾਸ ਜੀ |
|---|---|---|

ਹਉ, ਤਿਸੁ ਘੋਲਿ ਘੁਮਾਇਆ, ਗੁਰਮਤਿ, ਰਿਦੈ ਗਰੀਬੀ ਆਵੈ ।

ਹਉ, ਤਿਸੁ ਘੋਲਿ ਘੁਮਾਇਆ, ਪਰ ਨਾਰੀ ਦੈ ਨੇੜਿ ਨ ਜਾਵੈ ।

ਹਉ, ਤਿਸੁ ਘੋਲਿ ਘੁਮਾਇਆ, ਪਰ ਦਰਬੈ ਨੋ ਹਥੁ ਨ ਲਾਵੈ ।

ਹਉ, ਤਿਸੁ ਘੋਲਿ ਘੁਮਾਇਆ, ਪਰ ਨਿੰਦਾ ਸੁਣਿ ਆਪੁ ਹਟਾਵੈ ।

ਹਉ, ਤਿਸੁ ਘੋਲਿ ਘੁਮਾਇਆ, ਸਤਿਗੁਰ ਦਾ ਉਪਦੇਸ ਕਮਾਵੈ ।

ਹਉ, ਤਿਸੁ ਘੋਲਿ ਘੁਮਾਇਆ, ਥੋੜਾ ਸਵੈ, ਥੋੜਾ ਹੀ ਖਾਵੈ ।

ਗੁਰਮੁਖਿ ਸੋਈ, ਸਹਜਿ ਸਮਾਵੈ ।

ਉਚਾਰਣ ਸੇਧਾਂ :- ਹਉਂ, ਉਪਦੇਸ਼ ਅਤੇ ਸਵੈਂ

ਭਾਵ ਅਰਥ :- ਇਸ ਪਉੜੀ ਵਿੱਚ ਭਾਈ ਗੁਰਦਾਸ ਜੀ ਇੱਕ ਉੱਤਮ ਗੁਰਸਿੱਖ ਦੀ ਘਾੜਤ ਘੜਦੇ ਹੋਏ ਗਿਆਨ ਭਰਪੂਰ ਪ੍ਰੇਰਣਾ ਦੇਂਦੇ ਹੋਏ ਕੁਝ ਕਰਨ ਯੋਗ ਅਤੇ ਕੁਝ ਨਾ ਕਰਨ ਯੋਗ ਨੁਕਤੇ ਸਮਝਾ ਰਹੇ ਹਨ। ਜਿਹਾ ਕਿ :

੧. ਮੈਂ ਐਸੇ ਗੁਰਸਿੱਖ ਤੋਂ ਵਾਰਨੇ ਜਾਂਦਾ ਹਾਂ ਜਿਸ ਦੇ ਹਿਰਦੇ ਵਿੱਚ ਗੁਰੂ ਦੀ ਮਤ ਦੁਆਰਾ ਨਿਮਰਤਾ ਦੀ ਭਾਵਨਾ ਪੈਦਾ ਹੋ ਜਾਂਦੀ ਹੈ।

੨. ਮੈਂ ਐਸੇ ਗੁਰਸਿੱਖ ਤੋਂ ਬਲਿਹਾਰ ਜਾਂਦਾ ਹਾਂ ਜੋ ਪਰਾਈ ਇਸਤਰੀ ਜਾਂ ਮਰਦ ਦੇ ਨੇੜੇ ਨਾ ਜਾਵੇ (ਭਾਵ ਮੰਦ ਭਾਵਨਾ ਨਾਲ ਨਾ ਵੇਖੇ)।

੩. ਮੈਂ ਐਸੇ ਗੁਰਸਿੱਖ ਤੋਂ ਬਲਿਹਾਰ ਜਾਂਦਾ ਹਾਂ ਜੋ ਪਰਾਏ ਧਨ-ਦੌਲਤ ਨੂੰ ਹੱਥ ਵੀ ਨਹੀਂ ਲਾਉਂਦਾ। (ਭਾਵ ਪਰਾਇਆ ਹੱਕ, ਚੋਰੀ, ਠੱਗੀ ਨਹੀਂ ਕਰਦਾ)

੪. ਮੈਂ ਐਸੇ ਗੁਰਸਿੱਖ ਤੋਂ ਅਤਿ ਪ੍ਰਸੰਨ ਹਾਂ ਜੋ ਪਰਾਈ ਹੋ ਰਹੀ ਨਿੰਦਿਆ (ਕਿਸੇ ਨੂੰ ਗੁਣਾਂ ਕਾਰਨ ਮਿਲ ਰਹੇ ਸਤਿਕਾਰ ਦੇ ਬਦਲੇ ਮਨ ਵਿੱਚ ਈਰਖਾ ਧਾਰ ਕੇ ਉਸ ਪ੍ਰਤੀ ਮੰਦ ਭਾਵਨਾ ਪ੍ਰਗਟ ਕਰਨੀ, ਨੂੰ ਸੁਣ ਕੇ ਆਪਣੇ ਆਪ ਨੂੰ ਉੱਥੋਂ ਹਟਾ ਲੈਂਦਾ ਹੈ।(ਨੋਟ:-ਫੁੱਲ ਨੂੰ ਫੁੱਲ ਕਹਿਣਾ ਅਤੇ ਕੰਡੇ ਨੂੰ ਕੰਡਾ ਕਹਿਣਾ ਸੱਚ 'ਤੇ ਪਹਿਰਾ ਦੇਣਾ ਹੈ ਪਰ ਫੁੱਲ ਨੂੰ

ਕੰਡਾ ਕਹਿਣਾ ਨਿੰਦਿਆ ਕਰਨੀ ਹੈ ਅਤੇ ਕੰਡੇ ਨੂੰ ਫੁੱਲ ਕਹਿਣਾ ਚਾਪਲੂਸੀ ਕਰਨੀ ਹੈ ਜਿਸ ਨੂੰ ਗੁਰਮਤਿ ਪ੍ਰਵਾਨ ਨਹੀਂ ਕਰਦੀ ਹੈ)

੫. ਮੈਂ ਐਸੇ ਗੁਰਸਿੱਖ ਨੂੰ ਦਿਲੋਂ ਸਤਿਕਾਰ ਤੇ ਪਿਆਰ ਕਰਦਾ ਹਾਂ ਜੋ ਸਤਿਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਜੀਉਂਦਾ ਹੈ।

੬. ਮੈਂ ਐਸੇ ਗੁਰਸਿੱਖ ਤੋਂ ਬਲਿਹਾਰ ਜਾਂਦਾ ਹਾਂ ਜੋ ਗੁਰੂ ਦੇ ਉਪਦੇਸ਼ 'ਤੇ ਚਲਦਿਆਂ ਥੋੜ੍ਹਾ (ਲੋੜ ਅਨੁਸਾਰ) ਸੌਂਦਾ ਤੇ ਥੋੜ੍ਹਾ (ਲੋੜ ਅਨੁਸਾਰ) ਖਾਂਦਾ ਹੈ (ਭਾਵ ਚਸਕਿਆਂ ਅਤੇ ਆਲਸ ਤੋਂ ਦੂਰ ਰਹਿੰਦਾ ਹੈ।)

ਉਕਤ ਗੁਣਾਂ ਭਰਪੂਰ ਗੁਰਸਿੱਖ ਪਿਆਰਾ ਗੁਰੂ ਦੀ ਬਖਸ਼ਸ਼ ਨਾਲ ਸਹਿਜ,ਅਡੋਲ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ।

ਸਾਰੰਸ਼ ਤੇ ਸਿਧਾਂਤ :- ਗੁਰੂ ਦੀ ਮਤਿ ਅਨੁਸਾਰ ਚੱਲਣ ਵਾਲਿਆਂ ਦਾ ਜੀਵਨ ਇੰਨਾ ਸੁੱਚਾ ਅਤੇ ਪਵਿੱਤਰ ਹੁੰਦਾ ਹੈ, ਜਿਸ ਤੋਂ ਪ੍ਰਭਾਵਤ ਹੋ ਕੇ ਅਜਿਹੇ ਗੁਣ ਧਾਰਨ ਕਰਨ ਦਾ ਚਾਅ ਪੈਦਾ ਹੁੰਦਾ ਹੈ ਅਤੇ ਸਹਿਜ ਸੁਭਾਅ ਉਹਨਾਂ ਤੋਂ ਕੁਰਬਾਨ ਹੋ ਜਾਣ ਦਾ ਮਨ ਕਰਦਾ ਹੈ।

GPCT
Home of Humanity

| ਸ਼ਬਦ-੨੦ | ਸੋਰਠਿ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੬੧੩ |
|---|---|---|

ਹਮ ਮੈਲੇ, ਤੁਮ ਊਜਲ ਕਰਤੇ ! ਹਮ ਨਿਰਗੁਨ, ਤੂ ਦਾਤਾ ॥

ਹਮ ਮੂਰਖ, ਤੁਮ ਚਤੁਰ ਸਿਆਣੇ, ਤੂ ਸਰਬ ਕਲਾ ਕਾ ਗਿਆਤਾ ॥ ੧ ॥

ਮਾਧੋ ! ਹਮ ਐਸੇ ਤੂ ਐਸਾ ॥

ਹਮ ਪਾਪੀ, ਤੁਮ ਪਾਪ ਖੰਡਨ, ਨੀਕੋ ਠਾਕੁਰ ਦੇਸਾ ॥ ੧ ॥ ਰਹਾਉ ॥

ਤੁਮ ਸਭ ਸਾਜੇ, ਸਾਜਿ ਨਿਵਾਜੇ, ਜੀਉ ਪਿੰਡੁ ਦੇ ਪ੍ਰਾਨਾ ॥

ਨਿਰਗੁਨੀਆਰੇ, ਗੁਨੁ ਨਹੀ ਕੋਈ, ਤੁਮ ਦਾਨੁ ਦੇਹੁ ਮਿਹਰਵਾਨਾ ॥ ੨ ॥

ਤੁਮ ਕਰਹੁ ਭਲਾ, ਹਮ ਭਲੋ ਨ ਜਾਨਹ, ਤੁਮ ਸਦਾ ਸਦਾ ਦਇਆਲਾ ॥

ਤੁਮ ਸੁਖਦਾਈ ਪੁਰਖ ਬਿਧਾਤੇ ! ਤੁਮ ਰਾਖਹੁ ਅਪੁਨੇ ਬਾਲਾ ॥ ੩ ॥

ਤੁਮ ਨਿਧਾਨ, ਅਟਲ ਸੁਲਿਤਾਨ, ਜੀਅ ਜੰਤ ਸਭਿ ਜਾਚੈ ॥

ਕਹੁ ਨਾਨਕ ! ਹਮ ਇਹੈ ਹਵਾਲਾ, ਰਾਖੁ ਸੰਤਨ ਕੈ ਪਾਛੈ ॥ ੪ ॥

ਉਚਾਰਣ ਸੇਧਾਂ :- ਤੂੰ, ਨਹੀਂ ਅਤੇ ਜਾਨਹਂ

ਭਾਵ ਅਰਥ :- ਹੇ ਸਭ ਨੂੰ ਪੈਦਾ ਕਰਨ ਵਾਲੇ (ਕਰਤਾਰ) ਜੀ! ਤੂੰ ਪਵਿੱਤਰ, ਨਿਰਮਲ, ਸ਼੍ਰੇਸ਼ਟ ਆਦਿ ਗੁਣਾਂ ਕਾਰਨ ਪ੍ਰਕਾਸ਼ ਆਤਮਾ ਹੈਂ ਪਰ ਅਸੀਂ ਵਿਕਾਰਾਂ ਦੀ ਮੈਲ ਨਾਲ ਭਰੇ ਹੋਏ (ਅੰਧੇ, ਅਗਿਆਨੀ) ਹਾਂ, ਨਿਰਮਲਤਾ (ਪ੍ਰਕਾਸ਼) ਕਾਰਨ ਤੁਸੀਂ ਚਤੁਰ (ਜਾਗਰੂਕ), ਸਭ ਹੁਨਰਾਂ (ਘਾੜਤਾਂ, ਕਾਰੀਗਰੀ) ਵਿੱਚ ਸਮਝਦਾਰ ਹੋ ਪਰ ਅਸੀਂ ਮੂਰਖ (ਗ਼ਲਤ ਫੈਸਲੇ ਲੈਣ ਵਾਲੇ) ਹਾਂ ॥ ੧ ॥

ਹੇ ਮਾਯਾ ਦੇ ਪਤੀ! ਅਸੀਂ ਪਾਪ ਕਮਾਉਂਦੇ ਹਾਂ। (ਭਾਵ ਮਾਯਾ ਦੇ ਅਧੀਨ ਹਾਂ) ਆਪ ਜੀ ਹੀ ਸਾਡੇ ਪਾਪਾਂ ਦਾ ਨਾਸ਼ ਕਰ ਸਕਦੇ ਹੋ।(ਸਾਡੀ ਮਾਲਕਿਨ ਮਾਯਾ, ਜਿਸ ਤੋਂ ਅਸੀਂ ਪ੍ਰਭਾਵਤ ਹਾਂ, ਦੇ ਤੁਸੀਂ ਪਤੀ, ਮਾਲਕ ਹੋ) ਆਪ ਜੀ ਦਾ ਟਿਕਾਣਾ (ਭਾਵ ਸਤਿਸੰਗਤ) ਰੂਪੀ ਦੇਸ਼ ਬੜਾ ਸੁੰਦਰ (ਮਨੁੱਖਾ ਜੀਵਨ ਸਫ਼ਲ ਕਰਨ ਵਾਲੀ ਜਗ੍ਹਾ) ਹੈ। ਤੁਸੀ ਅਜੇਹੇ (ਨਿਰਮਲ) ਹੋ ਪਰ ਅਸੀਂ ਅਜੇਹੇ (ਅਗਿਆਨੀ) ਹਾਂ। (ਤੇਰਾ ਅਤੇ ਸਾਡਾ ਗੁਣਾਂ ਵਿੱਚ ਇੰਨਾ ਅੰਤਰ ਹੋਣ ਕਾਰਨ ਸਾਨੂੰ ਯਕੀਨ ਹੋ ਗਿਆ ਹੈ ਕਿ ਤੇਰੀ ਕਿਰਪਾ ਤੋਂ ਬਿਨਾਂ, ਸਾਡਾ ਤੁਹਾਡੇ ਨਾਲ ਮਿਲਾਪ ਨਹੀਂ ਹੋ ਸਕਦਾ।) ॥ ੧ ॥ ਰਹਾਉ ॥

ਹੇ ਮਿਹਰਵਾਨ ਪ੍ਰਭੂ ਜੀ! ਆਪ ਜੀ ਨੇ ਸਰੀਰ ਅਤੇ ਪ੍ਰਾਣ ਦੇ ਕੇ ਸਾਰੇ ਜੀਵ ਪੈਦਾ ਕੀਤੇ ਹਨ ਅਤੇ ਪੈਦਾ ਕਰਕੇ ਸਾਰਿਆਂ ਨੂੰ ਰਿਜ਼ਕ ਦੇਣ ਦੀ ਬਖਸ਼ਸ਼ ਵੀ ਕਰ ਰਹੇ ਹੋ। ਅਸੀਂ ਗੁਣਾਂ ਤੋਂ ਸੱਖਣੇ, ਨਿਰਗੁਣ ਹਾਂ। ਆਪ ਜੀ ਹੀ ਸਾਨੂੰ ਗੁਣਾਂ ਦੀ ਦਾਤ ਬਖਸ਼ਸ਼ ਕਰੋ ਜੀ ॥ ੨ ॥

ਹੇ ਸਰਬ ਵਿਆਪਕ ਅਨੰਦ ਭਰਪੂਰ ਜੀਵਨ ਬਖ਼ਸ਼ਸ਼ ਕਰਨ ਵਾਲੇ! ਤੁਸੀਂ ਸਾਡਾ ਹਮੇਸ਼ਾਂ ਭਲਾ ਕਰਦੇ ਹੋ ਪਰ ਅਸੀਂ ਆਪ ਜੀ ਦੇ ਇਸ ਉਪਕਾਰ ਦੀ ਕਦਰ ਨਹੀਂ ਜਾਣਦੇ ਫਿਰ ਵੀ ਆਪ ਜੀ ਦਇਆਵਾਨ ਰਹਿੰਦੇ ਹੋ। ਆਪ ਜੀ ਸਾਨੂੰ ਆਪਣੇ ਬੱਚੇ ਸਮਝ ਕੇ ਸਾਡੀ ਮਦਦ ਕਰੋ ਜੀ ॥ ੩ ॥

ਹੇ ਪ੍ਰਭੂ ਜੀ! ਆਪ ਜੀ ਸਾਰੇ ਗੁਣਾਂ ਦੇ ਖਜ਼ਾਨੇ ਹੋ, ਸਦੀਵੀ ਬਾਦਸ਼ਾਹ ਹੋ। ਅਸੀਂ ਆਪ ਜੀ ਦੇ ਦਰ-ਘਰ ਦੇ ਮੰਗਤੇ ਹਾਂ। ਹੇ ਨਾਨਕ! ਬੇਨਤੀ ਕਰ ਕਿ ਹੇ ਪ੍ਰਮਾਤਮਾ ਜੀ! ਸਾਡਾ ਤਾਂ ਇਹ ਹਾਲ ਹੈ। ਆਪ ਜੀ ਸਾਨੂੰ ਗੁਰਸਿੱਖਾਂ ਦੀ ਸੰਗਤ ਬਖ਼ਸ਼ੋ (ਤਾਂ ਜੋ ਸਾਡੇ ਮਨ ਵਿੱਚ ਵੀ ਆਪ ਜੀ ਦੇ ਸ਼ੁਭ ਗੁਣਾਂ ਵਿੱਚੋਂ ਕੁਝ ਗੁਣ ਪ੍ਰਗਟ ਹੋ ਸਕਣ ਜੀ) ॥ ੪ ॥

ਸਾਰੰਸ਼ ਤੇ ਸਿਧਾਂਤ:- ਹੇ ਵਾਹਿਗੁਰੂ ਜੀ! ਅਸੀਂ ਪਾਪੀ ਤੇ ਗੁਣਹੀਣ ਜੀਵ ਹਾਂ। ਆਪ ਸਾਰੀ ਦੁਨੀਆ ਦੀ ਪ੍ਰਤਿਪਾਂਲਣਾ ਕਰਦੇ ਹੋ। ਆਪ ਜੀ ਕਿਰਪਾ ਕਰਕੇ ਸਾਰੇ ਜੀਵਾਂ ਨੂੰ ਗੁਰੂ ਸੰਗਤ ਰਾਹੀਂ ਗੁਣ ਦੀ ਦਾਤ ਬਖ਼ਸ਼ੋ।

GPCT
Home of Humanity

| ਸ਼ਬਦ-੨੧ | ਸੂਹੀ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੭੪੯ |
| --- | --- | --- |

ਜਿਸ ਕੇ ਸਿਰ ਊਪਰਿ ਤੂੰ ਸੁਆਮੀ ! ਸੋ ਦੁਖੁ ਕੈਸਾ ਪਾਵੈ ॥

ਬੋਲਿ ਨ ਜਾਣੈ, ਮਾਇਆ ਮਦਿ ਮਾਤਾ, ਮਰਣਾ ਚੀਤਿ ਨ ਆਵੈ ॥ ੧ ॥

ਮੇਰੇ ਰਾਮ ਰਾਇ ! ਤੂੰ ਸੰਤਾ ਕਾ ਸੰਤ ਤੇਰੇ ॥

ਤੇਰੇ ਸੇਵਕ ਕਉ ਭਉ ਕਿਛੁ ਨਾਹੀ, ਜਮੁ ਨਹੀ ਆਵੈ ਨੇਰੇ ॥੧॥ਰਹਾਉ॥

ਜੋ ਤੇਰੈ ਰੰਗਿ ਰਾਤੇ ਸੁਆਮੀ ! ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥

ਤੇਰੀ ਬਖਸ ਨ ਮੇਟੈ ਕੋਈ, ਸਤਿਗੁਰ ਕਾ ਦਿਲਾਸਾ ॥ ੨ ॥

ਨਾਮੁ ਧਿਆਇਨਿ, ਸੁਖ ਫਲ ਪਾਇਨਿ, ਆਠ ਪਹਰ ਆਰਾਧਹਿ ॥

ਤੇਰੀ ਸਰਣਿ, ਤੇਰੈ ਭਰਵਾਸੈ, ਪੰਚ ਦੁਸਟ ਲੈ ਸਾਧਹਿ ॥ ੩ ॥

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ, ਸਾਰ ਨ ਜਾਣਾ ਤੇਰੀ ॥

ਸਭ ਤੇ ਵਡਾ ਸਤਿਗੁਰੁ ਨਾਨਕੁ, ਜਿਨਿ ਕਲ ਰਾਖੀ ਮੇਰੀ ॥ ੪ ॥

ਉਚਾਰਣ ਸੇਧਾਂ :-ਸੰਤਾਂ, ਨਾਹੀਂ, ਬਖਸ਼, ਆਰਾਧਹਿੰ, ਸ਼ਰਣ, ਦੁਸ਼ਟ, ਸਾਧਹਿੰ

ਭਾਵ ਅਰਥ :- ਹੇ ਪ੍ਰਭੂ ! ਜਿਸ ਮਨੁੱਖ ਦੇ ਸਿਰ ਉੱਤੇ ਤੂੰ ਆਪ ਰਾਖਾ ਬਣ ਕੇ ਖੜਾ ਹੋਵੇਂ, ਉਹ ਤੈਥੋਂ ਵਿਛੋੜੇ ਦਾ ਦੁਖ ਕਿਵੇਂ ਪਾ ਸਕਦਾ ਹੈ? (ਭਾਵ ਤੇਰੇ ਬਿਨਾਂ ਨਹੀਂ ਰਹਿ ਸਕਦਾ) ਉਹ ਝੂਠੇ ਮਾਇਆ ਦੇ ਨਸ਼ੇ ਵਿੱਚ ਮਸਤ ਹੋ ਕੇ ਹੰਕਾਰ ਭਾਵਨਾ ਵਾਲੀ ਬੋਲੀ ਬੋਲਣਾ ਭੁੱਲ ਜਾਂਦਾ ਹੈ। (ਸਹਜ, ਅਡੋਲਤਾ ਕਾਰਨ ਅਧਿਆਤਮਕ ਅਤੇ ਸਰੀਰਕ) ਮੌਤ ਦਾ ਡਰ ਵੀ ਉਸ ਦੇ ਚਿਤ (ਦਿਮਾਗ਼) ਵਿੱਚ ਪੈਦਾ ਨਹੀਂ ਹੁੰਦਾ ॥੧॥

ਹੇ ਪਿਆਰੇ ਸਰਬ ਵਿਆਪਕ ਪਾਤਿਸ਼ਾਹ ! ਤੂੰ ਸਹਜ, ਅਡੋਲਤਾ, ਖੇੜਾ, ਵਿਸਮਾਦ ਆਦਿ ਗੁਣਾਂ ਨਾਲ ਭਰਪੂਰ ਸਤਸੰਗੀਆਂ ਦਾ (ਹਰ ਪੱਖੋਂ) ਰਾਖਾ, ਮਦਦਗਾਰ ਹੈਂ ਕਿਉਂਕਿ ਉਹ ਤੇਰੇ ਆਪਣੇ ਹੀ ਪਿਆਰੇ ਹਨ। ਤੇਰੇ ਸੇਵਕ ਹੋਣ ਕਾਰਨ ਅੰਦਰੂਨੀ ਮੌਤ (ਕਮਜ਼ੋਰੀ) ਉਨ੍ਹਾਂ ਦੇ ਨੇੜੇ ਨਹੀਂ ਆਉਂਦੀ, ਨਾ ਹੀ ਕਿਸੇ ਪ੍ਰਕਾਰ ਦਾ ਡਰ ਸਤਾਉਂਦਾ ਹੈ ॥ ੧ ॥ ਰਹਾਉ ॥

ਹੇ ਮੇਰੇ ਮਾਲਕ! ਜੋ ਸਤਸੰਗੀ ਤੇਰੇ ਪ੍ਰੇਮ ਦੇ ਰੰਗ ਵਿੱਚ ਰੰਗੇ ਹੋਏ ਹਨ। ਉਨ੍ਹਾ ਦਾ ਜਨਮ ਤੋਂ ਮਰਨ ਤੱਕ ਦਾ ਦੁੱਖ ਨਾਸ਼ ਹੋ ਜਾਂਦਾ ਹੈ। ਉਨ੍ਹਾ ਕੋਲ ਪੂਰੇ ਗੁਰੂ ਦਾ ਦਿੱਤਾ ਹੋਇਆ ਇਹ ਹੌਸਲਾ ਹੈ ਕਿ ਤੇਰੀ ਮਿਹਰ ਨੂੰ ਕੋਈ ਖ਼ਤਮ ਨਹੀਂ ਕਰ ਸਕਦਾ ॥ ੨ ॥

ਹੇ ਪ੍ਰਭੂ ਜੀ! (ਜਿਹੜੇ ਜੀਵ ਗੁਰੂ ਬਖ਼ਸ਼ੇ ਗਿਆਨ ਰਾਹੀਂ) ਸਦਾ ਤੇਰੀ ਯਾਦ ਵਿੱਚ ਜੁੜੇ ਰਹਿੰਦੇ ਹਨ, ਤੇਰੇ ਗੁਣ ਗਾਉਂਦੇ ਰਹਿੰਦੇ ਹਨ। ਉਹ ਹਰ ਤਰ੍ਹਾਂ ਦੇ ਦੁਨਿਆਵੀ ਤੇ ਆਤਮਕ ਸੁੱਖ, ਅਨੰਦ ਪ੍ਰਾਪਤ ਕਰਦੇ ਹਨ। (ਭਾਵ ਉਹ ਵਿਕਾਰਾਂ ਨੂੰ ਕਾਬੂ ਕਰ ਲੈਂਦੇ ਹਨ) ਤੇਰੀ ਸ਼ਰਨ (ਅਤੇ ਤੇਰੀ ਸਰਬ ਵਿਆਪਕ ਮਦਦਗਾਰ ਸ਼ਕਤੀ ’ਤੇ) ਭਰੋਸਾ, ਯਕੀਨ ਰੱਖਣ ਕਾਰਨ ਕਾਮਾਦਿਕ ਪੰਜ ਵੈਰੀਆਂ ਉੱਤੇ ਹਰ ਤਰ੍ਹਾਂ ਦਾ ਕਾਬੂ ਪਾ ਲੈਂਦੇ ਹਨ ॥ ੩ ॥

ਹੇ ਪ੍ਰਭੂ! (ਮੈਂ ਤੇਰੇ ਸੰਪੂਰਨ ਵੱਡੇ ਪਸਾਰੇ ਦਾ) ਗਿਆਨ ਅਤੇ ਉਸ ਵਿੱਚ ਸੁਰਤ ਜੋੜਨ ਦੇ ਤਮਾਮ ਢੰਗ ਆਦਿ ਕਰਮ ਨਹੀਂ ਜਾਣਦਾ। (ਤੇਰੇ ਵੱਲੋਂ ਸਾਡੇ ’ਤੇ ਕੀਤੇ ਗਏ ਸਾਰੇ ਹੀ ਉਪਕਾਰਾਂ) ਦੀ ਕਦਰ ਵੀ ਨਹੀਂ ਪਾ ਸਕਦਾ। ਬਸ ਮੇਰੇ ਲਈ ਤਾਂ (ਸੰਸਾਰ ਵਿੱਚ) ਸਭ ਤੋਂ ਵੱਡੇ ਸਤਿਗੁਰ ਨਾਨਕ ਸਾਹਿਬ ਜੀ ਹੀ ਹਨ (ਭਾਵ ਉਹਨਾਂ ਵੱਲੋਂ ਦਰਸਾਇਆ ਸਿਧਾਂਤ ਹੈ) ਜਿਸ ਨੇ ਮੇਰੀ ਹਰ ਥਾਂ ਇਜ਼ਤ ਰੱਖੀ ਹੈ, ਆਤਮਕ ਸੋਝੀ ਬਖਸ਼ੀ ਹੈ ॥ ੪ ॥

ਸਾਰੰਸ਼ ਤੇ ਸਿਧਾਂਤ:- ਜੋ ਮਨੁੱਖ ਗੁਰੂ ਜੀ ਦੀ ਸ਼ਰਣ ਵਿੱਚ ਆ ਕੇ ਉਨ੍ਹਾਂ ਦੀ ਮਿਹਰ ਸਦਕਾ ਪ੍ਰਭੂ ਜੀ ਦੀ ਬਖਸ਼ਸ਼ ਦੇ ਪਾਤਰ ਬਣ ਜਾਂਦੇ ਹਨ, ਉਨ੍ਹਾਂ ਅੰਦਰ ਚੰਗੇ ਗੁਣਾਂ ਦਾ ਖਜ਼ਾਨਾ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਕੋਈ ਡਰ, ਸਹਿਮ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਇੱਥੋਂ ਤਕ ਕਿ ਉਹ ਸਰੀਰਕ ਮੌਤ ਨੂੰ ਵੀ ਕੁਝ ਨਹੀਂ ਸਮਝਦੇ। ਤਾਂ ਤੇ ਪੂਰੇ ਗੁਰੂ ਦੀ ਸ਼ਰਣ ਪੈਣਾ ਹੀ ਮਨੁੱਖਾ ਜਨਮ ਦਾ ਪਰਮ ਮਨੋਰਥ ਹੈ।

GPCT
Home of Humanity

| ਸ਼ਬਦ-੨੨ | ਮਾਝ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੧੦੩ |
|---|---|---|

ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ, ਤੂੰ ਮੇਰਾ ਭ੍ਰਾਤਾ ॥

ਤੂੰ ਮੇਰਾ ਰਾਖਾ, ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ ॥ ੧ ॥

ਤੁਮਰੀ ਕ੍ਰਿਪਾ ਤੇ, ਤੁਧੁ ਪਛਾਣਾ ॥ ਤੂੰ ਮੇਰੀ ਓਟ, ਤੂੰਹੈ ਮੇਰਾ ਮਾਣਾ ॥

ਤੁਝ ਬਿਨੁ, ਦੂਜਾ ਅਵਰੁ ਨ ਕੋਈ, ਸਭੁ ਤੇਰਾ ਖੇਲੁ ਅਖਾੜਾ ਜੀਉ ॥ ੨ ॥

ਜੀਅ ਜੰਤ ਸਭਿ, ਤੁਧੁ ਉਪਾਏ ॥ ਜਿਤੁ ਜਿਤੁ ਭਾਣਾ, ਤਿਤੁ ਤਿਤੁ ਲਾਏ ॥

ਸਭ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ ॥ ੩ ॥

ਨਾਮੁ ਧਿਆਇ, ਮਹਾ ਸੁਖੁ ਪਾਇਆ ॥

ਹਰਿ ਗੁਣ ਗਾਇ, ਮੇਰਾ ਮਨੁ ਸੀਤਲਾਇਆ ॥

ਗੁਰਿ ਪੂਰੈ, ਵਜੀ ਵਾਧਾਈ,

ਨਾਨਕ ! ਜਿਤਾ ਬਿਖਾੜਾ ਜੀਉ ॥ ੪ ॥ ੨੩ ॥ ੩੦ ॥

ਉਚਾਰਨ ਸੇਧ: ਤੂੰ ਹੈਂ, ਥਾਈਂ, ਤਾਂ, ਕਾੜ੍ਹਾ ਅਤੇ ਮਹਾਂ

ਭਾਵ ਅਰਥ :- ਹੇ ਪ੍ਰਭੂ! ਤੂੰ ਹੀ ਮੇਰਾ (ਅਸਲ) ਮਾਤਾ-ਪਿਤਾ ਹੈਂ, ਤੂੰ ਹੀ ਮੇਰਾ ਰਿਸ਼ਤੇਦਾਰ ਹੈਂ ਅਤੇ ਤੂੰ ਹੀ ਮੇਰਾ ਭਰਾ ਹੈਂ (ਭਾਵ ਸੰਸਾਰੀ ਰਿਸ਼ਤੇਦਾਰ ਤਾਂ ਤੇਰੇ ਅਤੇ ਮੇਰੇ ਅਸਲ ਰਿਸ਼ਤੇ ਦੇ ਵਿਚਕਾਰ ਇੱਕ ਕੜੀ ਹੀ ਹਨ)। ਤੂੰ ਹੀ ਸਭ ਥਾਵਾਂ ਤੇ ਮੇਰਾ ਅਸਲ ਰਾਖਾ, ਮਦਦਗਾਰ ਹੈਂ। ਤਾਂ ਫਿਰ ਮੈਨੂੰ ਕਾਹਦਾ ਡਰ? (ਭਾਵ ਹੁਣ ਮੈਨੂੰ ਕੋਈ ਵੀ ਚਿੰਤਾ ਵਿਆਪ ਨਹੀਂ ਸਕਦੀ) ॥ ੧ ॥

ਤੇਰੀ ਮਿਹਰ ਨਾਲ ਹੀ ਮੈਂ ਤੇਰੇ ਨਾਲ ਸਾਂਝ ਪਾਂਦਾ ਹਾਂ। ਹੁਣ ਤੂੰ ਹੀ ਮੇਰਾ ਆਸਰਾ ਅਤੇ ਤੂੰ ਹੀ ਮੇਰਾ ਮਾਣ-ਤਾਣ ਹੈਂ। ਤੈਥੋਂ ਬਿਨਾਂ, ਮੇਰਾ ਹੋਰ ਕੋਈ (ਸਦੀਵੀ ਆਸਰਾ) ਨਹੀਂ ਹੈ। ਇਹ ਜਗਤ ਅਖਾੜਾ ਤੇਰਾ ਹੀ ਬਣਾਇਆ ਹੋਇਆ ਇੱਕ (ਨਾਸ਼ਵੰਤ, ਬਿਨਸ ਜਾਣ ਵਾਲਾ) ਖੇਲ ਹੈ ॥ ੨ ॥

ਜਗਤ ਦੇ ਸਾਰੇ ਜੀਵ ਜੰਤ ਤੂੰ ਹੀ ਪੈਦਾ ਕੀਤੇ ਹਨ। ਜਿਵੇਂ-ਜਿਵੇਂ ਤੇਰੀ ਰਜ਼ਾ ਹੁੰਦੀ ਹੈ, ਉਸ-ਉਸ ਕੰਮ ਵਿੱਚ ਤੂੰ ਜੀਵ ਲਗਾਏ ਹੋਏ ਹਨ। ਕੁਦਰਤੀ ਨਿਯਮਾਂ ਅਨੁਸਾਰ ਜੋ ਕੁਝ

ਵੀ ਹੋ ਰਿਹਾ ਹੈ ਉਹ ਸਭ ਤੇਰੀ ਹੀ ਕਲਾ (ਸ਼ਕਤੀ) ਹੈ ਭਾਵ ਤੂੰ ਚਲਾ ਰਿਹਾ ਹੈਂ। ਇਸ ਕੁਦਰਤੀ ਰਚਨਾ (ਖੇਲ) ਵਿੱਚ ਸਾਡੀ ਜੀਵਾਂ ਦੀ ਕੋਈ ਸਮਰੱਥਾ ਨਹੀਂ। (ਭਾਵ ਜੀਵਾਂ ਦੇ ਗਿਆਨ ਰਾਹੀਂ ਆ ਰਹੇ ਬਦਲਾਵ, ਦੇ ਪਿੱਛੇ ਤੇਰੀ ਬੁੱਧੀ, ਸ਼ਕਤੀ ਕੰਮ ਕਰ ਰਹੀ ਹੈ) ॥ ੩ ॥

ਪਰਮੇਸ਼ਰ ਦਾ ਨਾਮ (ਸ਼ਕਤੀ) ਨੂੰ ਯਾਦ ਕਰ-ਕਰ ਕੇ ਮੈਂ ਬੜਾ ਆਤਮਿਕ ਅਨੰਦ ਹਾਸਲ ਕੀਤਾ ਹੈ। (ਇਉਂ) ਹਰੀ ਦੇ ਗੁਣ ਗਾ ਕੇ ਮੇਰਾ ਮਨ ਠੰਢਾ-ਠਾਰ ਹੋ ਗਿਆ ਹੈ।(ਭਾਵ ਜਦ ਸਭ ਕੁਝ ਰੱਬ ਕਰ ਰਿਹਾ ਹੈ ਤਾਂ ਮੈ ਫਜ਼ੂਲ ਦੀ ਚਿੰਤਾ ਛੱਡ ਦਿੱਤੀ ਹੈ) ਹੇ ਨਾਨਕ! ਪੂਰੇ ਗੁਰੂ ਦੇ ਰਾਹੀਂ ਮੇਰੇ ਅੰਦਰ ਆਤਮਿਕ ਅਨੰਦ ਦਾ ਮਾਨੋ ਢੋਲ ਵੱਜ ਰਿਹਾ ਹੈ। ਜੋ ਵਿਕਾਰਾਂ ਨਾਲ ਹੋ ਰਹੇ ਕਠਿਨ ਘੋਲ ਵਿੱਚ ਜਿੱਤ ਦੀ ਨਿਸ਼ਾਨੀ ਹੈ।੪।

ਸਾਰੰਸ਼ ਤੇ ਸਿਧਾਂਤ:- ਪਰਮੇਸ਼ਰ ਹੀ ਸਭ ਜੀਆਂ ਦਾ ਅਸਲ ਮਾਂ, ਬਾਪ, ਭੈਣ, ਭਰਾ ਆਦਿ ਰਿਸ਼ਤੇਦਾਰ ਹੈ ਜੋ ਹਰ ਥਾਂ, ਹਰ ਸਮੇਂ ਦਾ ਮਦਦਗਾਰ ਹੈ। ਇਸ ਤਰ੍ਹਾਂ ਉਸ ਦੀ ਸ਼ਕਤੀ ਨੂੰ ਕਬੂਲ ਕਰਕੇ ਕਾਮ, ਕ੍ਰੋਧ, ਲੋਭ ਆਦਿ ਵਿਕਾਰਾਂ ਦਾ ਅਖਾੜਾ ਜਿੱਤਿਆ ਜਾ ਸਕਦਾ ਹੈ। ਹੋਰ ਕੋਈ ਤਰੀਕਾ ਨਹੀਂ।

| ਸ਼ਬਦ-੨੩ | ਗੌਂਡ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੮੬੪ |
|---|---|---|

ਗੁਰੂ ਗੁਰੂ, ਗੁਰੁ ਕਰਿ ਮਨ ! ਮੋਰ ॥ ਗੁਰੂ ਬਿਨਾਂ, ਮੈ ਨਾਹੀ ਹੋਰ ॥

ਗੁਰ ਕੀ ਟੇਕ, ਰਹਹੁ ਦਿਨੁ ਰਾਤਿ ॥ ਜਾ ਕੀ, ਕੋਇ ਨ ਮੇਟੈ ਦਾਤਿ ॥ ੧ ॥

ਗੁਰੁ ਪਰਮੇਸਰੁ, ਏਕੋ ਜਾਣੁ ॥ ਜੋ ਤਿਸੁ ਭਾਵੈ, ਸੋ ਪਰਵਾਣੁ ॥੧॥ ਰਹਾਉ ॥

ਗੁਰ ਚਰਣੀ, ਜਾ ਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ, ਤਾ ਕਾ ਭਾਗੈ ॥

ਗੁਰ ਕੀ ਸੇਵਾ, ਪਾਏ ਮਾਨੁ ॥ ਗੁਰ ਊਪਰਿ, ਸਦਾ ਕੁਰਬਾਨੁ ॥ ੨ ॥

ਗੁਰ ਕਾ ਦਰਸਨੁ, ਦੇਖਿ ਨਿਹਾਲ ॥ ਗੁਰ ਕੇ ਸੇਵਕ ਕੀ, ਪੂਰਨ ਘਾਲ ॥

ਗੁਰ ਕੇ ਸੇਵਕ ਕਉ, ਦੁਖੁ ਨ ਬਿਆਪੈ ॥

ਗੁਰ ਕਾ ਸੇਵਕੁ, ਦਹ ਦਿਸਿ ਜਾਪੈ ॥ ੩ ॥

ਗੁਰ ਕੀ ਮਹਿਮਾ, ਕਥਨੁ ਨ ਜਾਇ ॥ ਪਾਰਬ੍ਰਹਮੁ ਗੁਰੁ, ਰਹਿਆ ਸਮਾਇ ॥

ਕਹੁ ਨਾਨਕ ! ਜਾ ਕੇ ਪੂਰੇ ਭਾਗ ॥

ਗੁਰ ਚਰਣੀ, ਤਾ ਕਾ ਮਨੁ ਲਾਗ ॥ ੪ ॥ ੬ ॥ ੮ ॥

ਭਾਵ ਅਰਥ :- ਹੇ ਮੇਰੇ ਮਨ! ਗੁਰੁ-ਗੁਰੂ ਜਪਿਆ ਕਰ।(ਭਾਵ ਸਦਾ ਗੁਰਬਾਣੀ ਵੀਚਾਰ ਕਰਿਆ ਕਰ) ਸਦਾ ਗੁਰੂ (ਸਿਧਾਂਤ) ਨੂੰ ਚੇਤੇ ਕਰ, ਇਸ ਤੋਂ ਬਿਨਾਂ ਮੈਨੂੰ ਹੋਰ ਕੋਈ ਮਦਦਗਾਰ ਨਹੀਂ ਸੁਝਦਾ। ਦਿਨ ਰਾਤ ਗੁਰੂ ਦੀ ਸ਼ਰਣ ਵਿੱਚ ਟਿਕਿਆ ਰਹਿ, ਜਿਸ ਦੀ ਦਿੱਤੀ ਦਾਤ (ਸੱਚ ਉਪਦੇਸ਼) ਨੂੰ ਕੋਈ ਭੀ ਮੇਟ ਨਹੀਂ ਸਕਦਾ ॥ ੧ ॥

ਹੇ ਮਨ! ਗੁਰੂ ਅਤੇ ਪ੍ਰਭੂ ਨੂੰ ਇੱਕੋ ਹੀ (ਸ਼ਕਤੀ) ਸਮਝ, (ਭਾਵ ਗੁਰੂ ਰੌਸ਼ਨੀ ਹੈ ਅਤੇ ਪ੍ਰਭੂ ਸੂਰਜ ਹੈ, ਇੱਕ ਦੂਜੇ ਵਿੱਚ ਅਭੇਦ)। ਜੋ ਮਨੁੱਖ, ਗੁਰੂ ਜੀ ਨੂੰ ਪ੍ਰਵਾਨ ਹੈ, ਉਹ ਪ੍ਰਭੂ ਦੇ ਦਰ ’ਤੇ ਵੀ ਕਬੂਲ ਹੋ ਜਾਂਦਾ ਹੈ ॥ ੧ ॥ ਰਹਾਉ ॥

ਜਿਸ ਦਾ ਮਨ ਗੁਰੂ ਦੇ ਚਰਨਾਂ (ਉਪਦੇਸ਼) ਨਾਲ ਜੁੜ ਜਾਂਦਾ ਹੈ। ਉਸ ਦਾ ਸਾਰਾ ਦੁੱਖ-ਦਰਦ ਤੇ ਭਰਮ ਦੂਰ ਹੋ ਜਾਂਦਾ ਹੈ। ਜਿਸ ਗੁਰੂ ਦੀ ਸਿਖਿਆ ਨਾਲ ਮਨੁੱਖ ਆਦਰ-ਮਾਣ ਪ੍ਰਾਪਤ ਕਰਦਾ ਹੈ। ਉਸ ਗੁਰੂ ਤੋਂ ਸਦਾ ਸਦਕੇ ਜਾਣਾ ਚਾਹੀਦਾ ਹੈ ॥ ੨ ॥

ਗੁਰੂ ਦਾ ਦਰਸ਼ਨ (ਸ਼ਬਦ ਵੀਚਾਰ) ਕਰ ਕੇ ਮਨੁੱਖ ਪ੍ਰਸੰਨ ਹੋ ਜਾਂਦਾ ਹੈ। ਸੇਵਕ ਵੱਲੋਂ ਕੀਤੀ ਮਿਹਨਤ (ਸ਼ਬਦ ਵੀਚਾਰ) ਸਫ਼ਲ ਹੋ ਜਾਂਦੀ ਹੈ। ਐਸੇ ਸੇਵਕ 'ਤੇ ਕੋਈ ਭੀ ਦੁਖ (ਵਿਕਾਰ) ਆਪਣਾ ਪ੍ਰਭਾਵ ਨਹੀਂ ਪਾ ਸਕਦਾ। (ਅਜੇਹੀ ਅਵਸਥਾ ਵਿੱਚ ਪਹੁੰਚਿਆ ਹੋਇਆ) ਸੇਵਕ ਹਰ ਪਾਸੇ, ਹਰ ਥਾਂ ਪ੍ਰਸਿੱਧ ਹੋ ਜਾਂਦਾ ਹੈ ॥ ੩ ॥

ਗੁਰੂ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ ਕਿਉਂਕਿ ਗੁਰੂ ਦੇ ਉਪਦੇਸ਼ 'ਚ ਪਰਮਾਤਮਾ ਦੀ ਸ਼ਕਤੀ, ਵਿਆਪਕ ਹੈ ਅਤੇ ਮੌਜੂਦ ਹੈ। ਪਰ ਹੇ ਨਾਨਕ! ਆਖ, ਕਿ ਜਿਸ ਮਨੁੱਖ ਦੇ ਪੂਰਨ ਭਾਗ ਹੋਣ, ਉਸ ਦਾ ਮਨ ਹੀ ਗੁਰੂ ਦੇ ਚਰਨਾਂ ਵਿੱਚ ਜੁੜਦਾ ਹੈ ॥ ੪ ॥ (ਨੋਟ:-ਇਸ ਸਿਧਾਂਤ ਨੂੰ ਆਲਸੀ ਲੋਕ ਪ੍ਰਭੂ ਦੇ ਭਗਤ ਬਣਨ ਲਈ ਆਪਣੀ ਜ਼ਿੰਮੇਂਵਾਰੀ ਤੋਂ ਮੁਨੱਕਰ ਹੋਣ ਦਾ ਜਵਾਬ ਦੇਂਦੇ ਆਮ ਵੇਖੇ ਜਾਂਦੇ ਹਨ ਜਦਕਿ ਰੱਬ ਦੀ ਬਖ਼ਸ਼ਸ਼ ਕੀਤੀ ਬੁੱਧੀ ਨੂੰ ਹਰ ਥਾਂ ਵਰਤ ਵੀ ਰਹੇ ਹੁੰਦੇ ਹਨ ਕੇਵਲ ਪ੍ਰਭੂ ਭਗਤੀ ਵਾਲੇ ਪਾਸੇ ਨਹੀਂ ਵਰਤਦੇ।)

ਸਾਰੰਸ਼ ਤੇ ਸਿਧਾਂਤ :- ਇਸ ਸ਼ਬਦ 'ਚ ਮਨੁੱਖੀ ਮਨ ਨੂੰ ਗੁਰਬਾਣੀ ਵਿਚਾਰਨ ਦਾ ਆਦੇਸ਼, ਉਪਦੇਸ਼ ਦਿੱਤਾ ਗਿਆ ਹੈ। ਗੁਰੂ ਦੀ ਟੇਕ, ਗੁਰੂ ਦੀ ਸੇਵਾ, ਗੁਰੂ ਦਾ ਦਰਸ਼ਨ, ਗੁਰੂ ਦੀ ਮਹਿਮਾ ਦੇ ਸੰਕੇਤ ਇਸ ਸ਼ਬਦ ਵਿੱਚੋਂ ਮਿਲਦੇ ਹਨ।

GPCT
Home of Humanity

| ਸ਼ਬਦ-੨੪ | ਆਸਾ, ਸੇਖ ਫਰੀਦ ਜੀਓ ਕੀ ਬਾਣੀ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੪੮੮ |
|---|---|---|

ਦਿਲਹੁ ਮੁਹਬਤਿ ਜਿੰਨ੍, ਸੇਈ ਸਚਿਆ ॥

ਜਿਨ੍ ਮਨਿ ਹੋਰੁ, ਮੁਖਿ ਹੋਰੁ, ਸਿ ਕਾਂਢੇ ਕਚਿਆ ॥ ੧ ॥

ਰਤੇ ਇਸਕ ਖੁਦਾਇ, ਰੰਗਿ ਦੀਦਾਰ ਕੇ॥

ਵਿਸਰਿਆ ਜਿਨ੍ ਨਾਮੁ, ਤੇ ਭੁਇ ਭਾਰੁ ਥੀਏ ॥ ੧ ॥ ਰਹਾਉ ॥

ਆਪਿ ਲੀਏ ਲੜਿ ਲਾਇ, ਦਰਿ ਦਰਵੇਸ ਸੇ ॥

ਤਿਨ ਧੰਨੁ ਜਣੇਦੀ ਮਾਉ, ਆਏ ਸਫ਼ਲੁ ਸੇ ॥ ੨ ॥

ਪਰਵਦਗਾਰ ! ਅਪਾਰ, ਅਗਮ, ਬੇਅੰਤ ਤੂ ॥

ਜਿਨਾ ਪਛਾਤਾ ਸਚੁ, ਚੁੰਮਾ ਪੈਰ ਮੂੰ ॥ ੩ ॥

ਤੇਰੀ ਪਨਹ ਖੁਦਾਇ ! ਤੂ ਬਖਸੰਦਗੀ ॥

ਸੇਖ ਫਰੀਦੈ, ਖੈਰੁ ਦੀਜੈ ਬੰਦਗੀ ॥ ੪ ॥ ੧ ॥

ਉਚਾਰਣ ਸੇਧ :- ਦਿਲਹੁਂ, ਇਸ਼ਕ, ਭੁਇਂ, ਦਰਵੇਸ਼, ਤੂੰ, ਸ਼ੇਖ ਅਤੇ ਬਖਸ਼ੰਦਗੀ

ਭਾਵ ਅਰਥ :- ਜਿਨ੍ਹਾਂ ਨੂੰ ਰੱਬ ਨਾਲ ਦਿਲੋਂ ਪਿਆਰ ਹੈ, ਉਹੀ ਅਸਲ ਵਿੱਚ ਸੱਚੇ ਇਨਸਾਨ ਹਨ ਪਰ ਜਿਨ੍ਹਾਂ ਦੇ ਮਨ ਵਿੱਚ ਕੁਝ ਹੋਰ ਹੋਵੇ ਅਤੇ ਮੂੰਹ (ਗੱਲਾਂ-ਬਾਤਾਂ) ਵਿੱਚ ਕੁਝ ਹੋਰ ਵਿਖਾਉਣ ਦਾ ਯਤਨ ਕਰਦੇ ਹੋਣ, ਉਹ ਅਸਲ ਵਿੱਚ ਕੱਚੇ ਅਤੇ ਅਧੂਰੇ ਇਨਸਾਨ ਹੀ ਹੁੰਦੇ ਹਨ ॥ ੧ ॥

ਜੋ ਮਨੁੱਖ ਪ੍ਰਭੂ ਜੀ ਦੇ ਪਿਆਰ ਵਿੱਚ ਅਤੇ ਦੀਦਾਰ (ਦਰਸ਼ਨ, ਗੁਣਾਂ, ਸ਼ਕਤੀ) ਵਿੱਚ ਰੰਗੇ (ਭਾਵ ਪ੍ਰਭੂ ਸ਼ਕਤੀ ਤੋਂ ਪ੍ਰਭਾਵਤ) ਹਨ (ਉਹੀ ਅਸਲ ਵਿੱਚ ਸੱਚੇ ਇਨਸਾਨ ਹਨ) ਪਰ ਜਿਨ੍ਹਾਂ ਨੂੰ ਐਸਾ ਪ੍ਰਭੂ ਪਿਆਰ ਭੁੱਲ ਜਾਏ, ਉਹ ਮਨੁੱਖ ਧਰਤੀ ਤੇ ਵੀ ਭਾਰ ਹੀ ਹਨ ॥ ੧ ॥ ਰਹਾਉ ॥

ਪਰ ਉਹੀ ਮਨੁੱਖ (ਰੱਬ ਦੇ) ਦਰ (ਹਜ਼ੂਰੀ) ਦੇ ਫ਼ਕੀਰ ਬਣ ਸਕਦੇ ਹਨ (ਭਾਵ ਉਹੀ ਮਨੁੱਖ ਪ੍ਰਭੂ ਦੇ ਦਰ 'ਤੋਂ ਨਾਮ ਦੀ ਖ਼ੈਰ ਮੰਗ ਸਕਦੇ ਹਨ) ਜਿਨ੍ਹਾਂ ਨੂੰ ਪ੍ਰਭੂ ਨੇ ਆਪ; ਆਪਣੇ ਲੜ

ਲਾਇਆ ਹੈ। ਅਜੇਹੀਆਂ ਰੂਹਾਂ ਦਾ ਹੀ ਸੰਸਾਰ ਤੇ (ਮਨੁੱਖਾ ਜਨਮ ਵਿੱਚ) ਆਉਣਾ ਸਫ਼ਲ ਹੁੰਦਾ ਹੈ। ਉਨ੍ਹਾਂ ਨੂੰ ਜਨਮ ਦੇਣ ਵਾਲੀ ਮਾਤਾ ਵੀ ਧੰਨਤਾ ਯੋਗ ਹੈ ॥ ੨ ॥

(ਨੋਟ: ਜਦ ਸਭ ਕੁਝ ਕਰਨ ਕਰਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤਾਂ ਤੇ ਪ੍ਰਭੂ ਦਰ 'ਤੇ ਹਮੇਸ਼ਾਂ ਹੀ ਇਉਂ ਅਰਦਾਸ ਕਰਨੀ ਚਾਹੀਦੀ ਹੈ)

ਹੇ (ਹਰ ਪੱਖੋਂ) ਸਭ ਜੀਵਾਂ ਨੂੰ ਪਾਲਣ ਵਾਲੇ ਪ੍ਰਭੂ ਜੀ! (ਤੇਰੀ ਕਿਰਪਾ ਤੋਂ ਬਿਨਾਂ) ਆਪ ਜੀ ਤੱਕ ਕਿਸੇ ਦੀ ਵੀ ਪਹੁੰਚ ਨਹੀਂ ਹੈ। ਆਪ ਜੀ ਦੇ ਵੱਡੇ ਪਰਿਵਾਰ (ਸ਼ਕਤੀ) ਦਾ ਅੰਤ ਕੋਈ ਨਹੀਂ ਪਾ ਸਕਦਾ। (ਤੇਰੀ ਕਿਰਪਾ ਨਾਲ) ਜਿਨ੍ਹਾਂ ਮਨੁੱਖਾਂ ਨੇ ਤੈਨੂੰ ਸੱਚ ਅਤੇ ਸਥਿਰ ਰਹਿਣ ਵਾਲੇ ਨੂੰ ਪਹਿਚਾਣ ਲਿਆ ਹੈ, ਮੈਂ ਉਨ੍ਹਾ ਮਨੁੱਖਾਂ ਦੇ ਪੈਰ ਚੁੰਮਣ (ਉਨ੍ਹਾ ਦੇ ਨਕਸ਼ੇ-ਕਦਮ 'ਤੇ ਚਲਣ) ਨੂੰ , ਆਪਣੇ ਵੱਡੇ ਭਾਗ ਸਮਝਦਾ ਹਾਂ॥੩॥

ਹੇ ਖ਼ੁਦਾ! ਮੈਨੂੰ ਤੇਰਾ ਹੀ ਆਸਰਾ ਹੈ ਕਿਉਂਕਿ ਤੂੰ ਹੀ ਬਖ਼ਸ਼ਣਵਾਲਾ ਹੈਂ।ਇਸ ਲਈ ਮੈਨੂੰ ਸ਼ੇਖ ਫਰੀਦ ਨੂੰ ਵੀ ਆਪਣੀ ਬੰਦਗੀ, ਭਗਤੀ ਦੀ ਖ਼ੈਰ ਪਾ ਦਿਉ॥੪॥

ਸਾਰੰਸ਼ ਤੇ ਸਿਧਾਂਤ :- ਸ਼ੇਖ ਫਰੀਦ ਜੀ ਇਸ ਸ਼ਬਦ ਵਿੱਚ ਪ੍ਰਭੂ ਦੇ ਪ੍ਰੇਮ ਵਿੱਚ ਰੰਗੇ ਹੋਏ ਅਤੇ ਪ੍ਰਭੂ ਤੋਂ ਭੁੱਲੇ ਹੋਏ ਮਨੁੱਖਾਂ ਦਾ ਜ਼ਿਕਰ ਕਰਦੇ ਹਨ। ਆਪ ਜੀ ਅਨੁਸਾਰ ਜਿਨ੍ਹਾਂ ਮਨੁੱਖਾਂ ਨੂੰ ਸਚਮੁੱਚ ਹੀ ਵਾਹਿਗੁਰੂ ਨਾਲ ਹਰ ਪਲ ਦਾ ਇਸ਼ਕ ਹੈ ਉਹੀ ਸੱਚੇ ਹਨ ਪਰ ਜੋ ਬਾਹਰੋਂ ਪਿਆਰ ਦਾ ਅਤੇ ਗੁਰਮੁਖ ਹੋਣ ਦਾ ਪਾਖੰਡ/ ਨਾਟਕ ਕਰਦੇ ਹਨ ਅਤੇ ਅੰਦਰੋਂ ਰੱਬ ਦੀ ਮਰਯਾਦਾ ਅਤੇ ਹੁਕਮ ਤੋਂ ਆਕੀ ਵੀ ਹਨ। ਅਖੀਰ ਉਹ ਕੱਚੇ ਆਸ਼ਕ ਹੀ ਕਹੇ ਜਾਂਦੇ ਹਨ। ਉਨ੍ਹਾਂ ਦਾ ਪਿਆਰ ਵੀ ਉਨ੍ਹਾਂ ਦੇ ਜੀਵਨ ਵਰਗਾ ਝੂਠਾ (ਵਿਖਾਵਾ) ਹੁੰਦਾ ਹੈ ਪਰ ਜਿਨ੍ਹਾਂ ਨੇ ਪ੍ਰਭੂ ਹੁਕਮ ਕਮਾਉਣਾ ਸਿਖ ਲਿਆ।ਉਨ੍ਹਾਂ ਤੋਂ ਸ਼ੇਖ ਫਰੀਦ ਜੀ ਕੁਰਬਾਨ ਜਾਂਦੇ ਹਨ ਅਤੇ ਪ੍ਰਭੂ ਅੱਗੇ ਆਪ ਵੀ ਅਜੇਹੇ ਜੀਵਨ (ਆਨੰਦ) ਲਈ ਅਰਦਾਸ ਕਰਦੇ ਹਨ।

GPCT Home of Humanity

| ਸ਼ਬਦ-੨੫ | ਰਾਮਕਲੀ ਕੀ ਵਾਰ ਮਹਲਾ ੫ ॥<br>(ਅੱਠਵੀਂ ਪਉੜੀ ਦਾ ਪਹਿਲਾ ਸਲੋਕ)<br>ਸਲੋਕ ਮਹਲਾ ੫ ॥ | ਸ੍ਰੀ.ਗੁ.ਗ੍ਰੰ.ਸਾ.-ਪੰਨਾ ੯੬੧ |
|---|---|---|

ਕਰਿ ਕਿਰਪਾ ਕਿਰਪਾਲ ! ਆਪੇ ਬਖਸਿ ਲੈ ॥

ਸਦਾ ਸਦਾ ਜਪੀ ਤੇਰਾ ਨਾਮੁ, ਸਤਿਗੁਰ ਪਾਇ ਪੈ ॥

ਮਨ ਤਨ ਅੰਤਰਿ ਵਸੁ, ਦੂਖਾ ਨਾਸੁ ਹੋਇ ॥

ਹਥ ਦੇਇ ਆਪਿ ਰਖੁ, ਵਿਆਪੈ ਭਉ ਨ ਕੋਇ ॥

ਗੁਣ ਗਾਵਾ ਦਿਨੁ ਰੈਣਿ, ਏਤੈ ਕੰਮਿ ਲਾਇ ॥

ਸੰਤ ਜਨਾ ਕੈ ਸੰਗਿ, ਹਉਮੈ ਰੋਗੁ ਜਾਇ ॥

ਸਰਬ ਨਿਰੰਤਰਿ ਖਸਮੁ, ਏਕੋ ਰਵਿ ਰਹਿਆ ॥

ਗੁਰ ਪਰਸਾਦੀ ਸਚੁ, ਸਚੋ ਸਚੁ ਲਹਿਆ ॥

ਦਇਆ ਕਰਹੁ ਦਇਆਲ ! ਅਪਣੀ ਸਿਫਤਿ ਦੇਹੁ ॥

ਦਰਸਨੁ ਦੇਖਿ ਨਿਹਾਲ, ਨਾਨਕ ! ਪ੍ਰੀਤਿ ਏਹ ॥੧॥

ਉਚਾਰਣ ਸੇਧ :- ਜਪੀਂ, ਗਾਵਾਂ, ਬਖਸ਼, ਦੂਖਾਂ, ਦੇਹ ਅਤੇ ਦਰਸ਼ਨ

ਭਾਵ ਅਰਥ :- ਹੇ ਕਿਰਪਾ ਕਰਨ ਵਾਲੇ ਵਾਹਿਗੁਰੂ ਜੀ! ਮਿਹਰ ਕਰ ਤੇ ਮੈਨੂੰ ਆਪ ਹੀ ਬਖਸ਼ ਲੈ। ਮੈਂ ਪੂਰੇ ਗੁਰੂ ਜੀ ਦੀ ਸਿੱਖਿਆ ਪ੍ਰਾਪਤ ਕਰ ਕੇ ਸਦਾ ਤੈਨੂੰ ਹੀ ਯਾਦ ਕਰਦਾ ਰਹਾਂ।

ਤੂੰ ਕਿਰਪਾ ਕਰਕੇ ਮੇਰੇ ਮਨ ਅਤੇ ਸਰੀਰ (ਵਿਚਾਰਾਂ) ਵਿੱਚ ਆ ਵੱਸ ਤਾਂ ਕਿ ਮੇਰੇ ਵਿਕਾਰਾਂ ਦਾ ਨਾਸ਼ ਹੋ ਜਾਵੇ ਤੇ ਕੋਈ ਡਰ ਨਾ ਰਹੇ।

ਹੇ ਹਰੀ ਜੀ! ਮੈਨੂੰ ਇਸੇ ਕੰਮ ਲਾਈ ਰੱਖ ਤਾਂ ਕਿ ਮੈਂ ਦਿਨ-ਰਾਤ ਤੇਰੇ ਹੀ ਗੁਣ ਗਾਉਂਦਾ ਰਹਾਂ। ਮੈਨੂੰ ਗੁਰਮੁਖਾਂ ਦੀ ਸੰਗਤ ਬਖਸ਼ ਤਾਂ ਕਿ ਮੇਰਾ ਹੰਕਾਰ, ਕ੍ਰੋਧ ਆਦਿਕ ਦੂਰ ਹੋ ਸਕੇ।

ਹੇ ਭਾਈ! ਪ੍ਰਮਾਤਮਾ ਆਪ ਹੀ ਸਭ ਜੀਵਾਂ ਵਿੱਚ ਇਕਸਾਰ ਵਿਆਪਕ ਹੈ। ਪਰ ਇਸ ਗੱਲ ਦੀ ਸਮਝ ਉਸ ਮਨੁੱਖ ਨੂੰ ਹੀ ਪੈਂਦੀ ਹੈ, ਜਿਸ 'ਤੇ ਪੂਰੇ ਗੁਰੂ ਦੀ ਮਿਹਰ ਹੋਵੇ।(ਤਾਂ ਤੇ ਇਉਂ ਅਰਦਾਸ ਕਰਨੀ ਬਣਦੀ ਹੈ ਕਿ :)

ਹੇ ਪ੍ਰਭੂ ਜੀ! ਮਿਹਰ ਕਰ ਅਤੇ ਮੈਨੂੰ (ਗੁਰੂ ਦੀ ਰਾਹੀਂ) ਆਪਣੀ ਸਿਫਤ ਸਲਾਹ ਕਰਦੇ ਰਹਿਣ ਦਾ ਬਲ ਬਖਸ਼। ਨਾਨਕ ਦੀ ਇਹੀ ਇੱਛਾ ਹੈ ਕਿ ਮੈਂ (ਗੁਰੂ ਦੀ ਰਾਹੀਂ) ਤੈਨੂੰ ਆਪਣੇ ਹਿਰਦੇ ਵਿੱਚੋਂ ਪਹਿਚਾਣ ਕੇ ਸਦਾ ਖੇੜੇ ਅਤੇ ਵਿਸਮਾਦ ਭਰਪੂਰ ਜੀਵਨ ਬਤੀਤ ਕਰ ਸਕਾਂ ॥੧॥

ਸਾਰੰਸ਼ ਅਤੇ ਸਿਧਾਂਤ:- ਉਪਰੋਕਤ ਸ਼ਬਦ ਦਾ ਸਾਰ ਇਹੀ ਹੈ ਕਿ ਮਨੁੱਖਾ ਜਨਮ ਸਾਨੂੰ ਆਪਣੇ ਅੰਦਰੋਂ ਹੀ ਪ੍ਰਭੂ ਦੀ ਜੋਤ ਨੂੰ ਪਹਿਚਾਨ ਲਈ ਮਿਲਦਾ ਹੈ। ਪਰ ਇਹ ਕਾਰਜ ਪੂਰੇ ਗੁਰੂ ਦੀ ਮਿਹਰ ਨਾਲ ਹੀ ਹੋ ਸਕਦਾ ਹੈ ਭਾਵ ਗੁਰਬਾਣੀ ਪੜ੍ਹਨ ਸਮਝਣ ਤੇ ਹੀ ਹੋ ਸਕਦਾ ਹੈ। ਜੇ ਮਨੁੱਖ ਦੇ ਜੀਵਨ ਵਿੱਚ ਵਾਹਿਗੁਰੂ ਦੀ ਮਿਹਰ ਹੋ ਜਾਏ, ਤਾਂ ਜੀਵਨ ਵਿੱਚ ਸਦਾ ਅਨੰਦ ਭਰਪੂਰ ਹੋ ਜਾਂਦਾ ਹੈ।

GPCT
Home of Humanity